# ਵਰਿਆਮ

ਅਪ੍ਰੈਲ ੧੯੯੮



**ਸੰਗੀਤ ਦੀ ਪਨੀਰੀ**

**ਨਾਮਧਾਰੀ ਕਲਾ ਕੇਂਦਰ ਸ੍ਰੀ ਭੈਣੀ ਸਾਹਿਬ ਦੇ ਵਿਦਿਆਰਥੀ**

Sri Satguru Jagjit Singh Ji eLibrary NamdhariElibrary@gmail.com

https://archive.org/details/namdhari

# ਅਲਵਿਦਾ ਐ ਦੋਸਤੋ !



## ਸ. ਨਾਹਰ ਸਿੰਘ ਨੂੰ ਯਾਦ ਕਰਦਿਆਂ

ਆਜ਼ਾਦੀ ਸੰਗਰਾਮੀਆਂ ਦੇ ਸੰਘਰਸ਼ ਬਾਰੇ ਦੋ ਕੁ ਦਰਜਨ ਪੁਸਤਕਾਂ ਦੇ ਸਿਰਜਕ, ਇਤਿਹਾਸ ਖੋਜੀ ਅਤੇ ਲੇਖਕ ਭਾਈ ਨਾਹਰ ਸਿੰਘ ਇਸ ਸੰਸਾਰ ਨੂੰ ਅਲਵਿਾ ਕਹਿ ਗਏ ਹਨ। ਉਚੇ ਕੱਦ ਦੇ ਸ. ਨਾਹਰ ਸਿੰਘ ਤਸਵੀਰਾਂ ਵਿਚ ਬਹੁਤ ਘੱਟ ਆਏ ਹਨ। ਉਪ੍ਰੋਕਤ ਤਸਵੀਰ ਵਿਚ ਸ੍. ਨਾਹਰ ਸਿੰਘ ਇਕ ਸਮਾਗਮ ਨੂੰ ਸੰਬੋਧਨ ਕਰ ਰਹੇ ਹਨ। ਸ੍ਰੋਤਿਆਂ ਵਿਚ ਗਿਆਨੀ ਕੇਸਰ ਸਿੰਘ ਨਾਵਲਿਸਟ ਕੈਨੇਡਾ, ਪ੍ਰੋ. ਮਲਵਿੰਦਰਜੀਤ ਸਿੰਘ ਅਤੇ ਸ. ਮੋਹਨ ਸਿੰਘ ਰਾਹੀ ਪ੍ਰਕਾਸ਼ਕ ਖੜੇ ਹਨ। ਮੌਕਾ ਹੈ ਪਿੰਡ ਬਦੋਵਾਲ (ਲੁਧਿਆਣਾ) ਵਿਚ ਪ੍ਰੋ. ਮਲਵਿੰਦਰਜੀਤ ਸਿੰਘ ਦੁਆਰਾ ਸੰਪਾਦਤ ਪੁਸਤਕ ਬਾਬਾ ਹਰੀ ਸਿੰਘ ਉਸਮਾਨ ਦੀ ਡਾਇਰੀ 'ਸਵੈਜੀਵਨੀ' ਦੇ ਰੀਲੀਜ਼ ਦਾ।

ਮਿਤੀ 31.3.1991

Sri Satguru Jagjit Singh Ji eLibrary NamdhariElibrary@gmail.com

https://archive.org/details/namdhari

੧ੳ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

✆ 61040
Code : 01824

**For Fitting Diesel Engines in Foreign**

**&**

**INDIAN CAR BODIES**




*Specialists in :*

**Mercedes Benz Car Repairing**

**AMARJIT MOTOR GARAGE**

G.T. Road, Opp. Jalandhar Octroi Post,
PHAGWARA

Sri Satguru Jagjit Singh Ji eLibrary NamdhariElibrary@gmail.com

Gram : 'SNIPER'

Hello : 431367

*Reputed Manufacturers of :*

**Superior Quality**

**SINGLE BARREL**

&

**DOUBLE BARREL**

**B. L. — 12 BORE**

**GUNS**

# MODERN GUN WORKS

OPP. INDUSTRIAL ESTATE,
JAMMU CANTT.

Sri Satguru Jagjit Singh Ji eLibrary NamdhariElibrary@gmail.com

*Manufacturers & Exporters of*

## AUTO ACCESSORIES

# G N D Auto Industries

Managing Partner's : **Pawittar Singh Namdhari**

**77. Industrial Area-I, Chandigarh—160002**

Tel. 91-172-641294, 91-172-655939 Fax 91-172-656300 E Mail Uniq @ arbornet. org.

***Office at U.S.A. :***
421N. Brookhurst Street,
Suite No. 209, Anaheim—CA 92801
U.S.A.

***Mubai Office :***
502, Kakad, Market,
306, Kalbadevi Rd., Mumbai
Tel. 91-22-205-1833 Fax 91-22-375-2438

---

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

Phones : Office—5411940, 5451969, 502061
Resi. —5455011, 5440079

# NAMDHARI MARBLE CO.

*Supplier of :—*

KOTA STONE, RED AGRA, MANDANA, MARBLE,
DHAULPUR & GWALIOR BUCH

PROP. S. DAYA SINGH BHUI

**WZ-2, Mansarover Garden, Ring Road,**
**NEW DELHI—110015**



Sri Satguru Jagjit Singh Ji eLibrary NamdhariElibrary@gmail.com

https://archive.org/details/namdhari

# ਵਰਿਆਮ

ਅਪਰੈਲ ੧੯੯੮ ਜਿਲਦ—੨੩ ਅੰਕ—੬

ਤਤਕਰਾ


| | | |
|---|---|---|
| ਭੈਣੀ ਸਾਹਿਬ (ਕਵਿਤਾ) | —ਸ਼ਿਵਨਾਥ | ੫ |
| ਦੋ ਗਜ਼ਲਾਂ | —ਅਮਰੀਕ ਸਿੰਘ | ੫ |
| ਸਮਾਜ ਅਤੇ ਸ਼ਾਸਤ੍ਰ | —ਗੁਰੂਬਚਨ ਸਿੰਘ ਨਾਮਧਾਰੀ | ੬ |
| ਭਗਤ ਸੰਗ ਪ੍ਰਭ ਗੋਸ਼ਟ ਕਰਤ | —ਅਜੈਬ ਸਿੰਘ | ੮ |
| ਦੇਸ਼ ਭਗਤ ਸੁਖਦੇਵ ਰਾਜ | —ਪਿਆਰਾ ਸਿੰਘ ਦਾਤਾ | ੯ |
| ਗਜ਼ਲ | —ਕਰਤਾਰ ਸਿੰਘ ਕਾਲੜਾ | ੧੨ |
| ਪਰਦੇਸੀ ਪੰਜਾਬ | —ਵਰਿਆਮ ਸਿੰਘ ਸੰਧੂ | ੧੩ |
| ਪੈਂਤੀ ਅੱਖਰੀ | —ਸੁਵਰਨ ਸਿੰਘ ਵਿਰਕ | ੨੪ |
| ਹਰਿਮੰਦਰ ਸਾਹਿਬ ਦੀ ਨੀਂਹ ਕਿਸ ਨੇ ਰੱਖੀ | —ਹਰਜਿੰਦਰ ਸਿੰਘ ਕੰਵਲ | ੩੦ |
| ਸੋਚਿਆ ਸੀ | —ਲਖਵਿੰਦਰ ਸਿੰਘ ਬਾਜਵਾ | ੩੨ |
| ਬਹਾਦਰ ਸ਼ਾਹ ਜ਼ਫਰ | —ਖ਼ਵਾਜਾ ਹਸਨ ਨਿਜ਼ਾਮੀ | ੩੩ |
| ਮੌਤ ਕੀ ਹੈ ? | —ਬੇਦੀ ਲਾਲ ਸਿੰਘ ਸਾਹਿਤਕਾਰ | ੩੬ |
| ਜੀਵਨ ਨਗਰ ਦਾ ਹੋਲਾ-ਮਹਲਾ | —ਬਲਦੇਵ ਰਾਜ | ੩੯ |
| ਜਥੇਦਾਰ ਨੱਥਾ ਸਿੰਘ | —ਅਜੀਤ ਸਿੰਘ ਚੀਮਾ | ੪੨ |
| ਰੁਬਾਈਆਂ | —ਅਜੀਤ ਸਿੰਘ ਚੀਮਾ | ੪੩ |
| ਖ਼ਬਰਨਾਮਾ | | ੪੪ |


## ਵਰਿਆਮ ਸਕੂਲਾਂ ਕਾਲਜਾਂ ਲਈ ਪਰਵਾਨ

'ਵਰਿਆਮ ਨਿਰਦੇਸ਼ਕ ਸਿਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰਬਰ ੩- -੭੭ ਐਡੀਟਰਜ਼, ਮਿਤੀ ੨-੩-੭ ਰਾਹੀਂ ਪੰਜਾਬ ਭਰ ਦੇ ਸਕੂਲਾਂ, ਕਾਲਜਾਂ ਤੇ ਲਾਇਬਰੇਰੀਆਂ ਲਈ ਪ੍ਰਵਾਨ ਹੈ ।

## ਵਰਿਆਮ ਦੇ ਦਰ


| | |
|---|---|
| ਇਹ ਅੰਕ | ੧੦.੦੦ ਰੁਪੈ |
| ਸਾਲਾਨਾ ਚੰਦਾ | ੧੦੦.੦੦ ,, |
| ਤਿੰਨ ਸਾਲ ਵਾਸਤੇ | ੨੫੦.੦੦ ,, |
| ਪੰਜ ਸਾਲ ਵਾਸਤੇ | ੪੦੦.੦੦ ,, |
| ਜੀਵਨ ਮੈਂਬਰ | ੮੦੦.੦੦ ,, |
| ਵਿਦੇਸ਼ ਹਵਾਈ ਡਾਕ (ਇਕ ਸਾਲ) | ੨੦ ਪੌਂਡ |

ਦਫਤਰ ਦਾ ਪਤਾ : Office Address :
ਮਾਸਕ ਵਰਿਆਮ Monthly WARIAM
ਲਾਡੋਵਾਲੀ ਰੋਡ (Punjabi)
ਸਾਮ੍ਹਣ ਸੈਂਟਰਲ ਟਾਊਨ Ladowali Road,
ਜਲੰਧਰ ੧੪੪੦੦੧ Opp. Central Town,
Jalandhar-144001

ਫੋਨ—ਦਫਤਰ : ੨੨੨੫੪੩ Ph. 222543 (O)
ਘਰ : ੫੬੨੮੯ 56289 (R)



ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

**SAGGU**
**IRON INDUSTRIES**
**ਸੱਗੂ ਆਇਰਨ ਇੰਡਸਟਰੀਜ਼**

Sugar Mill Spares, Paper & Boards Mill Spares, Textile Mill Spares, Distillery Spares & Solvent Plant Spares

All Type of Gear & Chain Sprockets & Industrial Chain

Partner : S. Puran Singh Saggu
S. Narinder Singh Saggu

**Old Railway Road, JALANDHAR·**
Phone : 58795, 59056
Mobile Phone 98140604 9 Pager 96124089




Sri Satguru Jagjit Singh Ji eLibrary NamdhariElibrary@gmail.com

ਸੰਪਾਦਕੀ

# ਭਾਈ ਨਾਹਰ ਸਿੰਘ ਜੀ

੯ ਮਾਰਚ ੧੯੯੮ ਨੂੰ ਸ੍ਰੀ ਭੈਣੀ ਸਾਹਿਬ ਵਿਚ 'ਸੰਤ ਤਰਨ ਸਿੰਘ ਵਹਿਮੀ ਸਾਹਿਤਕ ਸਮਾਰੋਹ' ਸੀ। ਵੀਹ ਸਾਲ ਹੋਏ ਵਹਿਮੀ ਜੀ ਸਾਥੋਂ ਵਿਛੜੇ ਸਨ। ਉਹਨਾਂ ਦੇ ਨਮਿਤ ਹਰ ਸਾਲ ਪਰਿਵਾਰ ਵਾਲੇ ਸਮਾਗਮ ਕਰਦੇ ਰਹੇ ਹਨ ਅਤੇ ਪਿਛਲੇ ੮ ਸਾਲ ਤੋਂ ਉਹਨਾਂ ਦੀ ਯਾਦ ਵਿਚ ਇਕ ਪੁਰਸਕਾਰ ਵੀ ਹਰ ਸਾਲ ਕਿਸੇ ਲੇਖਕ, ਪੱਤਰਕਾਰ, ਇਤਿਹਾਸਕਾਰ ਜਾਂ ਕਲਾਕਾਰ ਵਿਅਕਤੀ ਨੂੰ ਦਿਤਾ ਜਾਂਦਾ ਰਿਹਾ ਹੈ। ਪਿਛਲੇ ਸਾਲ ਇਹ ਪੁਰਸਕਾਰ ਸਿਰਸਾ ਵਿਖੇ ਪੰਜਾਬੀ ਸਾਹਿਤ ਜਗਤ ਦੇ ਬੜੀ ਵੱਡੀ ਲਿਸ਼ਕੋਰ ਵਾਲੇ ਸਿਤਾਰੇ ਪ੍ਰੋ. ਕਿਰਪਾਲ ਸਿੰਘ ਕਸੇਲ ਨੂੰ ਦਿਤਾ ਗਿਆ ਸੀ। ਇਸ ਵਾਰ ਦਾ ਇਹ ਪੁਰਸਕਾਰ ਬਜ਼ੁਰਗ ਇਤਿਹਾਸਕਾਰ ਭਾਈ ਨਾਹਰ ਸਿੰਘ ਜੀ ਨੂੰ ਦੇਣ ਦਾ ਐਲਾਨ ਹੋਇਆ।

ਇਹ ਸਮਾਗਮ ਬਹੁਤ ਸੱਜਧੱਜ ਨਾਲ ਹੋਇਆ ਵੀ। ਸਤਿਗੁਰੂ ਜਗਜੀਤ ਸਿੰਘ ਜੀ ਦੀ ਹਾਜ਼ਰੀ ਵਿਚ, ਨਾਮਧਾਰੀ ਸੰਗਤਾਂ ਵੀ ਹੁੰਮਹੁਮਾ ਕੇ ਪੁਜੀਆਂ। ਤੇ ਬੋਲਣ ਵਾਲਿਆਂ ਵਿਚ ਸਾਹਿਤ ਸਮਾਜ ਅਤੇ ਸਿਆਸੀ ਜਗਤ ਦੀਆਂ ਉੱਚ ਹਸਤੀਆਂ ਸ਼ਾਮਲ ਸਨ।...ਪਰ ਇਸ ਵਿਚ ਭਾਈ ਨਾਹਰ ਸਿੰਘਜੀ ਆਪ ਹਾਜ਼ਰ ਨਹੀਂ ਸਨ। ਇਹ ਪੁਰਸਕਾਰ ਉਹਨਾਂ ਦੇ ਸਪੁਤਰ ਬਰਗੇਡੀਅਰ (ਰਿਟਾਇਰਡ) ਸ. ਇਕਬਾਲ ਸਿੰਘ ਹੋਰਾਂ ਪ੍ਰਾਪਤ ਕੀਤਾ ਅਤੇ ਭਾਈ ਨਾਹਰ ਸਿੰਘ ਜੀ ਦਾ ਸਨਮਾਨ ਸਮਾਰੋਹ ਉਹਨਾਂ ਦਾ ਸ਼ਰਧਾਂਜਲੀ ਸਮਾਰੋਹ ਬਣ ਗਿਆ।

੯੩ ਸਾਲ ਦੇ ਸ. ਨਾਹਰ ਸਿੰਘ ਸਵੈ-ਪ੍ਰਗਟਾਵੇ ਵਿਚ ਪਿਛੇ ਪਿਛੇ ਰਹੇ। ਉਹਨਾਂ ਦੀਆਂ ਤਸਵੀਰਾਂ ਕਿਤੇ ਛਪੀਆਂ ਨਹੀਂ, ਪਰ ਜਿੰਨਾ ਉਹਨਾਂ ਦਾ ਸਰੀਰਕ ਕੱਦ (ਕੋਈ ਸੱਤ ਫੁਟ ਦੇ ਨੇੜੇ-ਤੇੜੇ) ਉੱਚਾ ਸੀ, ਓਨਾ ਹੀ ਉਹਨਾਂ ਦਾ ਲੇਖਕ ਕੱਦ ਵੀ ਉੱਚਾ ਸੀ। ਉਹਨਾਂ ਇਕ ਵਿਸ਼ਾ ਚੁਣਿਆ ਸੀ—ਆਜ਼ਾਦੀ ਦੀ ਖ਼ਾਤਰ ਜੂਝਣ ਵਾਲਿਆਂ ਬਾਰੇ ਇਤਿਹਾਸਕ ਸਮਗਰੀ ਲੱਭਣਾ ਤੇ ਪ੍ਰਕਾਸ਼ਤ ਕਰਾਉਣਾ। ਜਿਨ੍ਹਾਂ ਨੇ ਬਗਾਵਤ ਕੀਤੀ ਉਨ੍ਹਾਂ ਬਾਰੇ ਉਹਨਾਂ ਲਿਖ ਕੇ ਜਾਂ ਸੰਪਾਦਨ ਕਰਕੇ ਪੁਸਤਕਾਂ ਪਾਠਕ ਜਗਤ ਨੂੰ ਭੇਟ ਕੀਤੀਆਂ। ਭਾਰਤ ਸਰਕਾਰ ਦੇ ਨੈਸ਼ਨਲ ਆਰਕਾਈਵਜ਼ ਵਿਚ ਪਏ ਖਰੜਿਆਂ ਤੇ ਉਹਨਾਂ ਦੀ ਅਧਿਕਾਰ-ਪੂਰਨ ਪਹੁੰਚ ਸੀ। ਸਰਕਾਰੀ ਰਿਕਾਰਡਾਂ 'ਚੋਂ ਨਕਲਾਂ ਲਿਆ ਲਿਆਕੇ ਉਹਨਾਂ ਨੇ ਪੁਸਤਕਾਂ ਦੇ ਰੂਪ ਵਿਚ ਪ੍ਰਕਾਸ਼ਤ ਕੀਤੀਆਂ। ਨਾਮਧਾਰੀ ਅੰਦੋਲਨ ਬਾਰੇ ਉਹਨਾਂ ਖ਼ੁਫ਼ੀਆ ਦਸਤਾਵੇਜ਼ਾਂ ਦੀਆਂ ੩ ਪੁਸਤਕਾਂ ਅਤੇ ਇਕ ਵੱਡ-ਆਕਾਰੀ ਪੁਸਤਕ ਵਿਚ ਅੰਗਰੇਜ਼ੀ ਸਰਕਾਰ ਦੇ ਉਚੇ ਤੋਂ ਉਚੇ ਅਹਿਲਕਾਰਾਂ ਦੀਆਂ ਚਿੱਠੀਆ, ਲਿਖਤਾਂ, ਥਾਣਿਆਂ ਦੇ ਰਿਕਾਰਡਾਂ, ਫਾਈਲਾਂ ਤੇ ਲਿਖੇ ਨੋਟਸ ਆਦਿਕ ਦੀਆਂ ਨਕਲਾਂ ਪ੍ਰਕਾਸ਼ਤ ਕੀਤੀਆਂ। ਗੁਰੂ ਰਾਮ ਸਿੰਘ ਐਂਡ ਕੂਕਾ ਸਿਖਜ਼, ਰਿਬੇਲਜ਼ ਅਗੇਂਸਟ ਦਾ ਬ੍ਰਿਟਿਸ਼ ਐਂਪਾਇਰ ਸਿਰਲੇਖਾਂ ਹੇਠ ਛਪੀਆਂ ਇਹਨਾਂ ਪੁਸਤਕਾਂ ਨੇ ਕੂਕਾ ਨਾਮਧਾਰੀ ਅੰਦੋਲਨ ਨੂੰ ਬਹੁਤ ਬੁਲੰਦ ਰੁਤਬਾ ਦਿਤਾ। ਅੰਗਰੇਜ਼ ਦੀਆਂ ਲਿਖਤਾਂ ਨੇ ਇਹ ਭਲੀ ਪਰਕਾਰ ਸਥਾਪਤ ਕੀਤਾ ਕਿ ਅੰਗਰੇਜ਼ ਹਕੂਮਤ ਕੂਕਿਆਂ ਦੀਆਂ ਸਰਗਰਮੀਆਂ ਤੋਂ ਕਿੰਨੀ ਭੈਭੀਤ ਤੇ ਹਿਲੀ ਹੋਈ ਸੀ। ਉਹਨਾਂ ਦੀ ਕਲਮ ਤੋਂ ਲਿਖਿਆ ਨਾਮਧਾਰੀ ਇਤਿਹਾਸ ਭਾਵੇਂ ਉਹਨਾਂ ਆਪਣੇ ਅਕੀਦੇ ਅਨੁਸਾਰ ਲਿਖਿਆ, ਉਹ ਅੱਜ ਵੀ ਨਵੀਨ ਖੋਜ ਅਤੇ ਸ਼ਬਦਾਵਲੀ ਵਾਲਾ ਸਥਾਪਤ ਇਤਿਹਾਸ ਗ੍ਰੰਥ ਹੈ। ਉਹਨਾਂ ਭਾਈ ਮਹਾਰਾਜ ਸਿੰਘ ਤੇ ਵੀ ਪੁਸਤਕ ਲਿਖੀ। ਸਤਿਗੁਰੂ ਪ੍ਰਤਾਪ ਸਿੰਘ ਜੀ ਅਤੇ ਸਤਿਗੁਰੂ ਜਗਜੀਤ ਸਿੰਘ ਜੀ ਨੇ ਉਹਨਾਂ ਦੀ ਘਾਲਣਾ ਨੂੰ ਖੁਲ੍ਹੇ ਦਿਲ ਨਾਲ ਸਤਿਕਾਰਿਆ। ਗੋਬਿੰਦ ਸਦਨ ਦਿੱਲੀ ਵਾਲੇ ਸੰਤ ਵਿਰਸਾ ਸਿੰਘ ਜੀ ਨੇ ਵੀ ਉਹਨਾਂ ਦੇ ਖੋਜ ਕਾਰਜ ਵਿਚ ਭਰਪੂਰ ਮਦਦ ਕੀਤੀ। ਸ. ਨਾਹਰ ਸਿੰਘ ਜੀ ਬੜੇ ਪ੍ਰੇਮ ਕਰਨ ਵਾਲੇ ਮਿਲਾਪੜੇ ਸੁਭਾਅ ਦੇ ਸਨ। ਸੰਪਾਦਕ ਵਰਿਆਮ ਨੂੰ ਉਹਨਾਂ ਖੁਲ੍ਹੇ ਅਧਿਕਾਰ ਬਖਸ਼ੇ ਸਨ ਕਿ ਉਹਨਾਂ ਦੀ ਕੋਈ ਵੀ ਕਿਰਤ 'ਵਰਿਆਮ' ਵਿਚ ਛੱਪ ਸਕਦੀ ਹੈ। 'ਵਰਿਆਮ' ਵਿਚ ਉਹਨਾਂ ਦੀਆਂ ਕਿਰਤਾਂ ਛਪੀਆਂ ਵੀ ਜਿਨ੍ਹਾਂ ਤੇ ਉਹਨਾਂ ਬਹੁਤ ਪਰਸ਼ੰਸਾ ਜ਼ਾਹਰ ਕੀਤੀ। ਇਕ ਮਹਾਨ ਪ੍ਰਤਿਭਾ ਸਾਡੇ ਤੋਂ ਜੁਦਾ ਹੋ ਗਈ ਹੈ। ਬਹੁਤ ਵੱਡਾ ਖਲਾਅ ਲਗਦਾ ਹੈ ਪਰ 'ਖਸਮੈ ਏਵੈ ਭਾਣਾ'।

ਉਹਨਾਂ ਦੀ ਯਾਦ ਸਾਡੇ ਮਨਾਂ ਵਿਚ ਸਦਾ ਮਘਦੀ ਰਹੇਗੀ।



Sri Satguru Jagjit Singh Ji eLibrary NamdhariElibrary@gmail.com

# ਭਾਰਤੀ ਜਨਾਦੇਸ਼

ਹੁਣੇ ਹੁਣੇ ਭਾਰਤ ਦੀ ਲੋਕ ਸਭਾ ਦੀਆਂ ਚੋਣਾਂ ਹੋਈਆਂ ਹਨ। ਇਹ ਸਤਰਾਂ ਲਿਖੇ ਜਾਣ ਵੇਲੇ ਤਕ ਸ੍ਰੀ ਅਟਲ ਬਿਹਾਰੀ ਬਾਜਪਾਈ ਭਾਰਤ ਦੇ ਪ੍ਰਧਾਨ ਮੰਤਰੀ ਵਜੋਂ ਸਹੁੰ ਚੁੱਕ ਚੁੱਕੇ ਹਨ। ਬਹੁਤ ਸਾਰੀਆਂ ਪਾਰਟੀਆਂ ਆਪਸ ਵਿਚ ਲੜੀਆਂ ਵੀ, ਆਪਸ ਵਿਚ ਰ੍ਰਲੀਆਂ ਵੀ। ਇਕ ਥਾਂ ਹਮ ਤੁਮ ਭਾਈ ਭਾਈ ਰਾਮ ਲਛਮਣ ਵਾਂਗਅਤੇ ਦੂਸਰੇ ਥਾਂ ਕੌਰਵ ਪਾਡਵਾਂ ਦਾ ਰਿਸ਼ਤਾ ਵੀ ਬਣਿਆ। ਚੋਣਾਂ ਤੋਂ ਬਾਦ ਜੋ ਸਿੱਟਾ ਸਾਹਮਣੇ ਆਇਆ ਉਹ ਇਹ ਕਿ ਕੋਈ ਵੀ ਪਾਰਟੀ ਆਪਣੇ ਬਲ ਬੋਤੇ ਲੋਕ ਸਭਾ ਦੀ ਅਧੀ ਗਿਣਤੀ ਤਕ ਵੀ ਨਹੀਂ ਪਹੁੰਚ ਸਕੀ ਅਤੇ ਸਰਕਾਰ ਬਣਾਉਣ ਵਾਸਤ ਸ਼ਰੀਕਾਂ ਦੀ ਮਦਦ ਲੈਣ ਦੇਣ ਦੇ ਸਿਲਸਲੇ ਚਲੇ ਹਨ। ਸਾਰੀਆਂ ਪਾਰਟੀਆਂ ਲੋਕਾਂ ਦੇ ਫਤਵੇ ਜਿਸ ਨੂੰ ਮੈਂਡੇਟ ਜਾਂ ਜਨਾਦੇਸ਼ (ਜਨ-ਆਦੇਸ਼) ਕਹਿ ਰਹੀਆਂ ਹਨ ਦੇ ਅਰਥ ਆਪਣੇ ਆਪਣੇ ਲਾ ਰਹੀਆਂ ਹਨ। ਆਪਣੇ ਬਾਰੇ ਤਾਂ ਭਾਵੇਂ ਕੁਝ ਨਾ ਕਿਹਾ ਜਾਵੇ ਪਰ ਜਨਾਦੇਸ਼ ਦੂਸਰੇ ਦੇ ਵਿਰੁਧ ਜ਼ਰੂਰ ਦਸਿਆ ਜਾ ਰਿਹਾ ਹੈ। ਭਾਰਤ ਦੀ ਪਿਛਲੀ ਹੁਕਮਰਾਨ ਪਾਰਟੀ ਜਨਤਾ ਦਲ ਦੇ ਕੁਲ ਛੇ ਬੰਦੇ ਲੋਕ ਸਭਾ ਵਿਚ ਆਏ ਹਨ ਪਰ ਇਹਨਾਂ ਦਾ ਪਰਧਾਨ ਮੰਤਰੀ ਖੁਦ ਵਿਰੋਧੀ ਪਾਰਟੀਆਂ ਦੀ ਮਦਦ ਨਾਲ ਜਿੱਤ ਸਕਿਆ। ਭਾਰਤੀ ਜਨਤਾ ਪਾਰਟੀ ਸਭ ਤੋਂ ਵੱਡੀ ਪਾਰਟੀ ਵਜੋਂ ਤਾਂ ਮੁੜ ਉੱਭਰੀ ਹੈ, ਪਰ ਆਪਣੇ ਕਬਜ਼ੇ ਹੇਠਲੇ ਸੂਬਿਆਂ ਵਿਚ ਇਹਨੂੰ ਬਹੁਤ ਮਾਰ ਪਈ ਹੈ। ਜਿਥੇ ਜਿੱਤੀ ਉਥੇ ਪੁਰਾਣੇ ਦੁਸ਼ਮਣਾਂ ਦੀ ਮਦਦ ਨਾਲ। ਕਾਂਗਰਸ ਪਾਰਟੀ ਮਰਦੀ ਮਰਦੀ ਬਚ ਗਈ। ਦੂਜੀ ਵੱਡੀ ਪਾਰਟੀ ਵਜੋਂ ਹੀ ਉੱਭਰੀ ਤੇ ਦਿੱਲੀ ਤਖਤ ਦੇ ਸੁਪਨੇ ਵੀ ਦੇਖਦੀ ਹੈ। ਪਰ ਉਥਲ-ਪੁਥਲ ਏਨੀ ਹੋ ਗਈ ਹੈ ਕਿ ਪ੍ਰਧਾਨ ਸਾਹਿਬ ਦਾ ਕਿਤੇ ਪਤਾ ਨਹੀਂ ਲਗ ਰਿਹਾ। ਦੋ ਸਾਲਾਂ ਵਿਚ ਦੋ ਪ੍ਰਧਾਨਾਂ ਦੀ ਬਲੀ ਇਸ ਪਾਰਟੀ ਨੇ ਦਿੱਤੀ ਹੈ। ਖੱਬੀਆਂ ਪਾਰਟੀਆਂ ਕਾਂਗਰਸ (ਤੇ ਭਾਜਪਾ) ਨੂੰ ਦੁਸ਼ਮਨ ਸਮਝਦੀਆਂ ਸਨ, ਹੁਣ 'ਕਾਂਗਰਸ ਕਾਂਗਰਸ' ਕੂਕ ਰਹੀਆਂ ਹਨ। ਕਾਂਗਰਸ ਤੇ ਭਾਜਪਾ ਜੋ ਪਾਣੀ ਪੀ ਪੀ ਕੇ ਇਕ ਦੂਜੇ ਨੂੰ ਕੋਸਦੀਆਂ ਰਹੀਆਂ ਹਨ ਸਪੀਕਰ ਦੇ ਮਾਮਲੇ ਤੇ ਇਕ ਦੂਜੇ ਨਾਲ ਅੱਖ ਮਟੱਕਾ ਕਰ ਰਹੀਆਂ ਹਨ। ਅਪਣੇ ਮੈਨੀਫੈਸਟੋ, ਐਲਾਨ ਅਤੇ ਪ੍ਰੋਗਰਾਮ ਸਮੇਟ ਕੇ ਇਹ ਸਭ ਕੁਝ ਹੋ ਰਿਹਾ ਹੈ।

ਇਹ ਕਿਉਂ ਹੈ? ਇਹ ਸਾਰਾ ਜਨਾਦੇਸ਼ ਦਾ ਕਮਾਲ ਹੈ। ਜਨਾਦੇਸ਼ ਇਹ ਹੈ ਕਿ ਭਾਈ—ਜਦ ਤੱਕ ਅਗਲੀਆਂ ਚੋਣਾਂ ਵਾਸਤੇ ਤੁਹਾਡੇ ਸਰੀਰ ਵਿਚ ਤਾਕਤ ਨਹੀਂ ਆ ਜਾਂਦੀ ਓਨਾ ਚਿਰ 'ਕੱਠੇ ਰਹੋ। ਜਨਾਦੇਸ਼ ਇਹ ਹੈ ਕਿ — ਜੇ ਰਾਜ ਕਰਨਾ ਏ ਤਾਂ ਝਗੜੇ ਵਾਲੀਆਂ ਗੱਲਾਂ ਬੰਦ ਕਰੋ! ਨਾ ਧਰਮ ਦੇ ਨਾਂਅ ਤੇ ਨਾ ਜਾਤੀ ਦੇ ਨਾਂਅ ਤੇ.. ਨਾ ਮਸਜਿਦ ਦੇ ਨਾਂਅ ਤੇ ਨਾ ਮੰਦਰ ਦੇ ਨਾਂਅ ਤੇ। ਜਨਾਦੇਸ਼ ਇਹ ਹੈ ਕਿ — ਬਾਹਲੀਆਂ ਗੱਲਾਂ ਨਾ ਕਰੋ.. ਕੁਝ ਅਮਲੀ ਕੰਮ ਵੀ ਕਰੋ। ਜਨਾਦੇਸ਼ ਇਹ ਹੈ ਕਿ—ਲੋਕਾਂ ਵਿਚ ਦੁਫੇੜ ਪਾਉਣ ਦੀਆਂ ਗੱਲਾਂ ਤਿਆਗ ਕੇ ਆਪਸ ਵਿਚ ਮਿਲਜੁਲ ਕੇ ਰਹੋ ਅਤੇ ਗੱਦੀ ਨੂੰ ਆਪਣੀ ਵਿਰਾਸਤ ਨਾ ਸਮਝੋ।

ਜਿਥੇ ਪਾਰਟੀਆਂ ਫੇਲ੍ਹ ਹੋਈਆਂ ਹਨ ਉਥੇ ਲੋਕ ਪਾਸ ਹੋਏ ਹਨ। ਆਸ ਹੈ ਇਹ ਦੇਸ਼ ਦੇ ਸਿਆਸੀ ਮਾਹੌਲ ਨੂੰ ਠੀਕ ਕਰ ਹੀ ਲੈਣਗੇ, ਭਾਂਵੇਂ ਇਕ ਦੋ ਚੋਣਾਂ ਦਾ ਹੋਰ ਸਮਾਂ ਲਗੇ।

# ਸ਼ਰਾਬਬੰਦੀ ਨੂੰ ਪੁਠਾ ਗੇੜਾ

ਹਰਿਆਣਾ ਰਾਜ ਵਿਚ ਸ਼ਰਾਬਬੰਦੀ ਦਾ ਹੁਕਮ ਵਾਪਸ ਲੈ ਲਿਆ ਗਿਆ ਹੈ। ਮੁਖ ਮੰਤਰੀ ਸ੍ਰੀ ਬੰਸੀ ਲਾਲ ਨੇ ਕਿਹਾ ਹੈ ਕਿ ਹਰਿਆਣਾ ਪੰਜ ਪ੍ਰਾਂਤਾਂ ਵਿਚ ਘਿਰਿਆ ਹੈ ਅਤੇ ਇਹ ਰਾਜ ਹਰਿਆਣੇ ਵਿਚ ਸ਼ਰਾਬਬੰਦੀ ਨੂੰ ਅਮਲੀ ਰੂਪ ਵਿਚ ਲਾਗੂ ਨਹੀਂ ਹੋਣ ਦਿੰਦੇ। ਕਹਿੰਦੇ ਹਨ ਸ਼ਰਾਬਬੰਦੀ ਦੇ ਮੁੱਦੇ ਤੇ ਬੰਸੀ ਹੋਰਾਂ ਚੋਣਾਂ ਜਿੱਤੀਆਂ ਸਨ, ਪਰ ਇਸੇ ਕਰਕੇ ਹੀ ਪਾਰਲੀਮੈਂਟ ਚੋਣਾਂ ਵਿਚ ਸਫਲਤਾ ਘਟੀ ਹੈ। ਅਸੀਂ ਸਮਝਦੇ ਹਾਂ ਕਿ ਚੰਗੇ ਕੰਮਾਂ ਵਿਚ ਔਕੜਾਂ ਜ਼ਿਆਦਾ ਆਉਂਦੀਆਂ ਹਨ। ਹਰਿਆਣਾ ਵਿਚ ਸ਼ਰਾਬਬੰਦੀ ਦਾ ਖਾਤਮਾ ਅਫ਼ਸੋਸਨਾਕ ਫੈਸਲਾ ਹੈ, ਪਰ ਹੋਇਆ ਇਸ ਕਰਕੇ ਕਿ ਹਰਿਆਣਾ ਇਕੱਲਾ ਰਹਿ ਗਿਆ। ਜੇ ਸਾਰੇ ਦੇਸ਼ ਵਿਚ ਸ਼ਰਾਬਬੰਦੀ ਹੋ ਜਾਏ ਤਾਂ ਲੋਕਾਂ ਤੇ ਪਰਉਪਕਾਰ ਹੀ ਹੋਵੇਗਾ। ਵੇਖੋ ਕਿਹੜਾ ਸੂਰਮਾ ਇਸ ਮਾਮਲੇ ਵਿਚ ਨਿਤਰਦਾ ਹੈ ਅਤੇ ਕਦੋਂ?

—ਜਗਦੀਸ਼ ਸਿੰਘ



Sri Satguru Jagjit Singh Ji eLibrary NamdhariElibrary@gmail.com

# ਭੈਣੀ ਦੀ ਧਰਤੀ

—ਸ਼ਿਵਨਾਥ

ਧੰਨ ਹੈ ਭੈਣੀ ਦੀ ਧਰਤੀ
ਜਿਸ ਤੇ ਆ ਕੇ ਚਿਣਗ ਵੀ,
ਭਾਂਬੜ ਬਣੀ।
ਜਿਸ ਤੇ ਆ ਕੇ ਇਕ ਸਿਪਾਹੀ
ਦੀ ਵੰਗਾਰ,
ਬਣ ਗਈ ਜ਼ਾਲਮ ਲਈ, ਤਿੱਖੀ ਕਟਾਰ।

ਧੰਨ ਹੈ ਭੈਣੀ ਦੀ ਧਰਤੀ
ਜਿਸ ਤੇ ਆ ਕੇ ਉੱਨ ਦੇ ਕੁਝ ਮਣਕਿਆਂ,
ਕੀਤੀਆਂ ਭੈਭੀਤ ਫੌਜਾਂ ਬੇ-ਸ਼ੁਮਾਰ।
ਜਿਸ ਤੇ ਆ ਕੇ ਕੁਝ ਨਿਹੱਥੇ ਯੋਧਿਆਂ,
ਕਰ ਕੇ ਰੱਖ ਦਿਤੀਆਂ ਸੀ
ਤੋਪਾਂ ਸ਼ਰਮਸਾਰ।

ਧੰਨ ਹੈ ਭੈਣੀ ਦੀ ਧਰਤੀ
ਜਿਸ ਤੋਂ ਉੱਠੀ ਇਕ ਸਦਾਅ
ਉਹ ਸਦਾਅ, ਜਿਸ ਤੋਂ
ਜ਼ੰਜੀਰਾਂ ਵੀ ਸੀ ਥਰ-ਥਰ ਕੰਬੀਆਂ।
ਜਿਸ ਨੂੰ ਸੁਣ ਕੇ, ਉਸ ਹਕੂਮਤ ਦਾ ਗ਼ਰੂਰ
ਹੋ ਗਿਆ ਸੀ ਚੂਰ-ਚੂਰ
ਜਿਸ ਦਾ ਸੂਰਜ ਅਸਤ ਨਾ ਹੋਇਆ ਕਦੇ।
ਜਿਸ ਦੀ ਸ਼ਕਤੀ ਦਾ ਨਹੀਂ ਸੀ
ਉਸ ਘੜੀ ਕੋਈ ਸ਼ੁਮਾਰ।

ਧੰਨ ਹੈ ਭੈਣੀ ਦੀ ਧਰਤੀ
ਧੰਨ ਹੈ ਉਸ ਦਾ ਸਪੂਤ।
ਬਣ ਕੇ ਆਇਆ ਸੀ ਜੋ ਸਾਡੇ ਵਾਸਤੇ
ਚਾਨਣ ਦਾ ਦੂਤ।
ਖੋਲ੍ਹਿਆ ਜਿਸ ਭੀੜਿਆ ਹੋਇਆ
ਆਜ਼ਾਦੀ ਦਾ ਦੁਆਰ।

੧੨੫੭—C—LIG
ਫੇਜ਼-੧੦, ਮੁਹਾਲੀ—੧੬੦੦੫੯

# ਦੋ ਗ਼ਜ਼ਲਾਂ

—ਅਮਰੀਕ ਸਿੰਘ

(੧)

ਧਰਤੀਓਂ ਉੱਚਾ ਕਿਤੇ ਅਸਮਾਨ ਹੈ।
ਉਸ ਤੋਂ ਵੀ ਉੱਚੀ ਤੁਸਾਂ ਦੀ ਸ਼ਾਨ ਹੈ।
ਦਿਲ ਦੀਆਂ ਗਹਿਰਾਈਆਂ ਚੋਂ ਨਿਕਲਦੀ,
ਸੱਜਣਾਂ ਇਕ ਅਤਿ ਸੁਰੀਲੀ ਤਾਨ ਹੈ।

ਦਿਲ ਦੀ ਵੇਦਨ ਤੁਸਾਂ ਬਿਨ ਕਿਸ ਨੂੰ ਕਹਾਂ,
ਆਪ ਦੇ ਹੱਥੋਂ ਮੇਰੀ ਕਲਿਆਨ ਹੈ।
ਪਿਆਰ, ਬਿਰਹਾ, ਤੜਪ ਹੀ ਇਸ ਵਿਚ ਨਹੀਂ,
ਉਹ ਨਹੀਂ ਇਨਸਾਨ ਇਕ ਹੈਵਾਨ ਹੈ।
ਕੀਮਯਾਈ ਨਜ਼ਰ ਜਿਸ ਤੇ ਪੈ ਗਈ,
ਖ਼ੁਸ਼ਨਸੀਬੀ ਸੰਗ ਬਣੀ ਪਹਿਚਾਣ ਹੈ।
ਜਿਸ ਭਰੀ ਮਹਿਫਲ 'ਚ ਜ਼ਿਕਰੇ ਯਾਰ ਨਹੀਂ,
ਨਾ ਕਹੋ ਮਹਿਫ਼ਲ ਉਹ ਰੇਗਿਸਤਾਨ ਹੈ।
ਸਫ਼ਲ ਹੋਈ ਉਹ ਨਿਗੁਣੀ ਜ਼ਿੰਦਗੀ,
ਹੋ ਗਈ ਸੱਜਣਾਂ ਤੋਂ ਜੋ ਕੁਰਬਾਨ ਹੈ।

(੨)

ਲੰਘ ਜਾਂਦੀ ਏ ਰਾਤ ਅਸਾਡੀ ਜਾਗਦਿਆਂ।
ਉਮਰਾ ਬੀਤੀ ਇਹ ਬੇਚੈਨੀ ਝਾਗਦਿਆਂ।

ਦੱਸੋ ਦੋਸ਼ ਕੀ ਦਈਏ ਸੱਤ ਬਿਗਾਨੜਿਆਂ,
ਲੁੱਟ ਲਿਆ ਏ ਸਾਨੂੰ ਲਾਈ ਲਾਗਦਿਆਂ।

ਵਿਚ ਬਹਾਰਾਂ ਪੱਤਝੜ ਦੂਰੋਂ ਦਿੱਸਦੀ ਏ,
ਫੜੀ ਕੁਹਾੜੀ ਰਾਖੇ ਜਿਹੜੇ ਬਾਗ ਦਿਆਂ।

ਪਾਸ ਪੜੋਸੀ ਅਜੇ ਵੀ ਥੱਕੇ ਲਗਦੇ ਨਹੀਂ,
ਤੱਤੇ ਫਾਲਿਆਂ ਨਾਲ ਇਹ ਸੀਨਾ ਦਾਗਦਿਆਂ।

ਸੱਜਣ ਦੇ ਸੰਗ ਜਿਹੜੇ ਕਦੇ ਬਿਤਾਏ ਸਨ,
ਭੁੱਲ ਨਹੀਂ ਹੋਣਾ ਉਹਨਾਂ ਪਲਾਂ ਸੁਹਾਗਦਿਆਂ।

ਖਰ੍ਹਵੇ ਬੋਲਾਂ ਜ਼ਹਿਰ ਲਹੂ ਵਿਚ ਭਰਿਆ ਏ,
ਅਸਰ ਨਾ ਕੀਤਾ ਐਪਰ ਡੰਗਾਂ ਨਾਗ ਦਿਆਂ।

ਪਿੰਡ ਅਮਰਾਸਰ (ਸਿਰਸਾ)



Sri Satguru Jagjit Singh Ji eLibrary NamdhariElibrary@gmail.com

# ਸਮਾਜ ਅਤੇ ਸ਼ਾਸਤ੍ਰ

**—ਗੁਰਬਚਨ ਸਿੰਘ ਨਾਮਧਾਰੀ**

"ਪ੍ਰਾਣੀ" ਬਹੁਤ ਪੁਰਾਣਾ ਹੈ। ਦੁਨੀਆ ਦਾ ਕੋਈ ਧਰਮ, ਮਨੁੱਖ ਤੋਂ ਪ੍ਰਾਚੀਨ ਨਹੀਂ। ਵੇਦ ਦੀਆਂ ਰੀਚਾਵਾਂ, ਗੀਤਾ ਦੇ ਸਲੋਕ, ਰਾਮਾਇਣ ਦੀਆਂ ਚੌਪਾਈਆਂ, ਉਪਨਿਸ਼ਦ, ਆਗਮ, ਨਿਗਮ ਤੋਂ ਪਹਿਲਾਂ ਮਨੁੱਖ ਆਇਆ। ਸਭਿਅਤਾ, ਸਿਖਿਆ ਅਤੇ ਅੱਖਰ ਦੇ ਵਿਕਾਸ ਤੋਂ ਬਾਦ ਧਰਮ ਸੰਸਥਾਨ ਬਣੇ, ਸ਼ਾਸਤ੍ਰ ਬਣੇ। ਸਾਰੇ ਧਰਮਾਂ ਦਾ ਜਨਮ ਦਾਤਾ, ਸਾਰੇ ਸ਼ਾਸਤ੍ਰਾਂ ਦਾ ਨਿਰਮਾਤਾ ਮਨੁੱਖ ਹੈ। ਮਨੁੱਖੀ ਸਮਾਜ ਦੀ ਸੁਖ-ਸ਼ਾਂਤੀ ਦੀ ਸੋਚ ਹੀ, ਸ਼ਾਸਤ੍ਰਾਂ ਦਾ ਅਧਾਰ ਹੈ।

ਹਜ਼ਾਰਾਂ ਸਾਲ ਪਹਿਲਾਂ ! ਪੱਥਰਾਂ ਦੇ ਹਥਿਆਰ ਬਣਾ, ਖੂੰਖਾਰ ਜਾਨਵਰਾਂ ਨਾਲ, ਨੰਗ ਧੜੰਗ ਜੂਝਦਾ ਹੋਇਆ, ਭੂਕੰਮ ਹੜ੍ਹ ਅਤੇ ਵਿਨਾਸ਼ਕਾਰੀ ਤੂਫਾਨਾਂ ਵਿਚ ਭੀ ਆਪਣੀ ਹੋਂਦ ਲਈ ਸੰਘਰਸ਼ ਕਰਦਾ ਹੋਇਆ ਮਨੁੱਖ, ਬੁੱਧੀ ਕਰਕੇ ਜੀਵ-ਮਾਤਰ ਦੀ ਸ਼੍ਰੇਣੀ ਵਿਚ ਸ੍ਰੇਸ਼ਠ ਮੰਨਿਆ ਗਿਆ। ਮਨੁੱਖੀ ਚਿੰਤਨਸ਼ੀਲਤਾ ਨੇ ਪ੍ਰਕ੍ਰਿਤੀ ਦੇ ਪ੍ਰਕੋਪ ਅਤੇ ਬਾਹਰੀ ਦੁਸ਼ਮਨਾਂ ਤੋਂ ਸੁਰਖਿਆ ਲਈ ਜਿਹੜਾ ਪਹਿਲਾ ਮੰਤ੍ਰ ਦਿੱਤਾ, ਉਹ ਸੀ, **"ਜਮਾਤ ਕਰਾਮਾਤ ਹੈ"**। ਜਮਾਤ ਵਿਚ ਰਹਿਣ ਵਾਲੇ ਵਿਅਕਤੀ ਜ਼ਿਆਦਾ ਸੰਗਠਤ, ਜ਼ਿਆਦਾ ਸ਼ਕਤੀਸ਼ਾਲੀ, ਜ਼ਿਆਦਾ ਸੁਰਖਿਅਤ ਸਨ। ਇਹ ਜਮਾਤ ਹੀ ਸਮਾਜ ਕਹਿਲਾਇਆ। ਆਪਣੇ ਵਿਚੋਂ ਹੀ ਕਿਸੇ ਮਜ਼ਬੂਤ ਅਤੇ ਸੂਝਵਾਨ ਮੁਖੀਆਂ ਦੀ ਅਗਵਾਈ ਹੇਠ ਆਪਸੀ ਮਤਭੇਦ ਨੂੰ ਦੂਰ ਕਰ, ਭਾਈਚਾਰਾ, ਸਾਂਝੀਵਾਲਤਾ, ਸਦਭਾਵਨਾ ਅਤੇ ਸਮਾਨ ਸੁਰਖਿਆ ਦੇ ਮਾਹੌਲ ਵਿਚ ਜਿਹੜਾ ਸਮਾਜ ਜਿਤਨਾ ਸੰਗਠਤ ਹੁੰਦਾ ਗਿਆ, ਉਤਨਾ ਹੀ ਉਸ ਸਮਾਜ ਦਾ ਵਿਸਥਾਰ ਹੁੰਦਾ ਗਿਆ। ਇਹੀ ਸਮਾਜ ਕਾਲਾਂਤਰ ਵਿਚ, ਕਬੀਲਾ, ਟੋਲਾ, ਕਸਬਾ, ਨਗਰ, ਰਿਆਸਤ, ਪ੍ਰਾਂਤ ਅਤੇ ਦੇਸ਼ ਦਾ ਰੂਪ ਧਾਰਦੇ ਗਏ। ਜਿਸ ਮੁਖੀਏ ਨੇ ਨਿਜੀ ਸਵਾਰਥਾਂ ਤੋਂ ਉਪਰ ਉਠ, ਸਮਾਜਿਕ ਸ਼ਾਂਤੀ, ਸਮਾਨਤਾ, ਸਮ੍ਰਿਧੀ ਅਤੇ ਸੁਰਖਿਆ ਲਈ ਸਾਮੂਹਕ ਤੌਰ ਤੇ ਉਪਰਾਲੇ ਕੀਤੇ, ਉਹ ਸਮਾਜ ਉਤਨਾ ਹੀ ਸੰਗਠਤ, ਸਮ੍ਰਿਧ ਅਤੇ ਸ਼ਕਤੀਸ਼ਾਲੀ ਹੁੰਦਾ ਗਿਆ। ਸੂਰਯ ਵੰਸ਼, ਯਦੂ ਵੰਸ਼, ਮੌਰਯ ਵੰਸ਼, ਗੁਪਤ ਵੰਸ਼ ਜਿਹੇ ਐਸੇ ਹੀ ਸ਼ਕਤੀਸ਼ਾਲੀ ਸਮਾਜ ਸਨ ਜਿਨ੍ਹਾਂ ਨੇ ਸਮੇਂ ਸਮੇਂ ਕੁਸ਼ਲ ਨੇਤ੍ਰਿਤਵ ਹੇਠ ਆਪਣੀ ਰਾਜ ਸੀਮਾ ਨੂੰ ਦੂਰ-ਦੂਰ ਤਕ ਵਿਸਥਾਰ ਦਿੱਤਾ। ਇਸਦੇ ਵਿਪਰੀਤ ਜਿਹੜਾ ਆਗੂ, ਮਾਇਆ ਭੋਗ ਅਤੇ ਸਵਾਰਥ ਵਿਚ ਰੱਤਿਆ, ਉਸਨੇ ਸਮਾਜਿਕ ਅਸੰਤੁਲਨ, ਅਸਮਾਨਤਾ ਅਤੇ ਅਸੁਰਖਿਆ ਦੇ ਐਸੇ ਭਸਮਾਸੁਰ ਨੂੰ ਪੈਦਾ ਕੀਤਾ, ਜਿਸਨੇ ਆਪਣੇ ਹੀ ਸਮਾਜ ਨੂੰ ਭਸਮ ਕਰ ਦਿੱਤਾ। ਭਗਵਾਨ ਕ੍ਰਿਸ਼ਨ ਤੋਂ ਬਾਦ ਦਾ ਯਦੂਵੰਸ਼, ਮਹਾਰਾਜਾ ਨੰਦ ਅਤੇ ਰਾਜਕੁਮਾਰ ਆਂਭਿਕ ਦਾ ਨੰਦਵੰਸ਼, ਮਹਾਰਾਜਾ ਰਣਜੀਤ ਸਿੰਘ ਤੋਂ ਬਾਦ ਦਾ ਸਿੱਖ ਰਾਜ, ਨੇਤ੍ਰਿਤਵ ਦੀ ਛਮਤਾਹੀਨਤਾ ਅਤੇ ਅਕੁਸ਼ਲਤਾ ਦੇ ਪ੍ਰਮਾਣ ਹਨ। ਸਮਾਨਤਾ, ਸਮਾਜ ਦੀ ਬੁਨਿਆਦ ਹੈ। ਜਦੋਂ ਪੁੱਤਰ ਮੋਹ ਵਿਚ ਡੁੱਬੇ ਧ੍ਰਿਤਰਾਸ਼ਟ੍ਰ ਨੇ, ਇਸ ਬੁਨਿਆਦੀ ਤੱਤ ਨੂੰ ਤਿਆਗ, ਦੁਰਯੋਧਨ ਅਤੇ ਸ਼ੁਕਨੀ ਦੇ ਸ਼ੜਯੰਤਰ ਨੂੰ ਅਨਜਾਣੇ ਵਧਾਵਾ ਦਿੱਤਾ, ਉਦੋਂ ਸ਼ਾਇਦ ਇਹ ਸੋਚਿਆ ਭੀ ਨਾ ਹੋਵੇ ਕਿ ਇਹੋ ਭੁੱਲ ਕਦੀ "ਮਹਾਭਾਰਤ" ਬਣ ਜਾਏਗੀ ! ਸਮਸਤ ਭਾਰਤ ਸ਼ਕਤੀ ਦੋ ਹਿੱਸਿਆਂ ਵਿਚ ਵੰਡ ਕੇ ਲੜ ਮਰੇਗੀ ਅਤੇ ਆਰਯਾਵਰਤ (ਭਾਰਤ) ਦਾ ਸ਼ਕਤੀਸ਼ਾਲੀ ਕੇਂਦਰ ਹਸਤਿਨਾਪੁਰ ਜੇ ਇਕ ਵਾਰ ਆਸ੍ਰਯਹੀਨ ਹੋਇਆ ਤਾਂ ਸਦੀਆਂ ਲਈ ਵਿਦੇਸ਼ੀ ਹਮਲਾਵਰਾਂ ਦੀ ਕਰੂਰਤਾ ਅਤੇ ਗੁਲਾਮੀ ਝੇਲਨ ਦਾ ਮੰਦਭਾਗੀ ਬਣ ਜਾਏਗਾ। ਪਰ ਇਤਿਹਾਸ ਗਵਾਹ ਹੈ, ਐਸਾ ਹੀ ਹੋਇਆ। ਪੁੱਤਰ ਮੋਹ ਵਿਚ ਫ਼ੱਸੇ ਇਕ ਧ੍ਰਿਤਰਾਸ਼ਟਰ ਦੀ ਸਵਾਰਥੀ ਸੋਚ ਨੇ, ਸੋਨੇ ਦੀ ਚਿੜੀਆ ਅਤੇ ਵਿਸ਼ਵ ਗੁਰੂ ਕਹੇ ਜਾਣ ਵਾਲੇ ਭਾਰਤ ਦੇ ਪਰਖੱਚੇ ਉਡਵਾ ਦਿੱਤੇ। ਅਨਗਿਣਤ ਅਭਿਮਨਯੂ ਵਿਦੇਸ਼ੀ ਹਾਥੀਆਂ ਦੇ ਪੈਰਾਂ ਥਲੇ ਕੁਚਲ ਦਿੱਤੇ ਗਏ, ਪਤਾ ਨਹੀਂ ਕਿਤਨੀਆਂ ਸ਼ਕੁੰਤਲਾਵਾਂ ਗ਼ਜ਼ਨੀ ਦੇ ਬਜ਼ਾਰਾਂ ਵਿਚ ਟਕੇ-ਟਕੇ ਤੇ ਨੀਲਾਮ ਹੁੰਦੀਆਂ ਰਹੀਆਂ। ਇਕ ਵਾਰ, ਸਿਰਫ ਇਕ ਵਾਰ, ਸਮਾਜਿਕ ਸਮਾਨਤਾ ਦੀ ਬੁਨਿਆਦ, ਕਿਸੇ ਦੁਰਯੋਧਨ ਨੇ ਖਿਸਕਾਈ ਤਾਂ ਸਦੀਆਂ ਤਕ ਅਸੁਰਖਿਆ ਦੇ ਭੂਕੰਪ ਨਾਲ ਇਹ ਦੇਸ਼ ਥਰਥਰਾਂਦਾ ਰਿਹਾ। ਕਦੀ ਗ਼ਜ਼ਨੀ ਤੇ ਕਦੀ ਗੌਰੀ, ਕਦੀ ਤੈਮੂਰ ਤੇ ਕਦੀ ਤੁਗਲਕ, ਕਦੀ ਮੁਗ਼ਲ ਤੇ ਕਦੀ ਅੰਗਰੇਜ਼ ਭਾਰਤ ਮਾਤਾ ਦੀ ਇੱਜ਼ਤ ਅਤੇ ਅਸਮਤ ਨਾਲ ਬਲਾਤਕਾਰ ਕਰਦੇ ਰਹੇ ਔਰ ਰਾਮ, ਕ੍ਰਿਸ਼ਮ, ਬੁੱਧ ਅਤੇ ਮਹਾਂਵੀਰ ਦੇ ਵੰਸ਼ ਇਸ ਘਿਨੌਣੀ ਕ੍ਰੀੜਾ ਨੂੰ ਅਸਹਾਯ ਦੇਖਣ ਨੂੰ ਮਜਬੂਰ ਰਹੇ।

ਕਦੀ ਦਜਲਾ ਤੋਂ ਫ਼ੁਰਾਤ ਤਕ ਅਤੇ ਮੋਹਨਜੋਦੜੋ ਤੋਂ ਹੜੱਪਾ ਤਕ, ਗੰਗਾ ਤੋਂ ਲੈ ਕੇ ਸਿੰਧੂ ਨਦੀ ਤਕ, ਸਮਸਤ ਅਰਬ ਹਿੰਦੂ ਸਭਿਅਤਾ ਦਾ ਖੇਤਰ ਸੀ। ਕਿਸੇ ਬਾਹਰੀ



Sri Satguru Jagjit Singh Ji eLibrary NamdhariElibrary@gmail.com

ਧਾਰਮਿਕ ਹਮਲੇ ਤੋਂ ਬੇਖ਼ਬਰ, ਵੈਦਿਕ ਧਰਮ ਵਿਚ ਸਮਾਨਤਾ ਅਤੇ ਜਾਨ ਮਾਲ ਦੀ ਸੁਰਖਿਆ ਜਿਹੇ ਬੁਨਿਆਦੀ ਅਸੂਲਾਂ ਦੀ ਉਲੰਘਣਾ ਕਰਨ ਵਾਲੇ ਅਸਮਾਜਿਕ ਤੱਤਾਂ ਲਈ ਦੰਡ ਦਾ ਕੋਈ ਪ੍ਰਾਵਧਾਨ, ਕੋਈ ਨਿਯਮ ਨਹੀਂ ਸੀ। ਪਰ ਧਨ ਅਤੇ ਪਰ ਨਾਰੀ ਤੇ ਕੁਦ੍ਰਿਸ਼ਟੀ ਰੱਖਣ ਵਾਲੇ ਅਪਰਾਧੀ, ਸਰੀਰਕ ਅਤੇ ਆਰਥਿਕ ਤੌਰ ਤੇ ਸਮ੍ਰਿਧ ਤੱਤ, ਤਤਕਾਲੀਨ ਧਰਮ ਗੁਰੂ (ਪਰੋਹਿਤ) ਨਾਲ ਸਾਂਠ ਗਾਂਠ ਕਰਕੇ ਸਮਾਜ ਦੇ ਠੇਕੇਦਾਰ ਬਣ ਗਏ ਤਾਂ ਰਿਸ਼ੀਆਂ-ਮੁਨੀਆਂ ਦੇ ਇਸ ਦੇਸ਼ ਵਿਚ ਧਾਰਮਿਕ ਉਦਾਸੀ ਦਾ ਮਾਹੌਲ ਬਣ ਗਿਆ। ਉਧਰ ਅਰਬ ਦੇ ਸੀਮਾ ਪ੍ਰਾਂਤ ਅਤੇ ਉਤਰੀ ਮੱਧ ਏਸ਼ੀਆ ਵਿਚ ਫੈਲੇ "ਯਵਨ" ਵੀ ਕਮੋਬੇਸ਼ ਇਸੇ ਸੰਤੁਲਨਹੀਨਤਾ ਦੇ ਸ਼ਿਕਾਰ ਸਨ। "ਅੰਜੀਲ" ਦੀ ਪਤਵਾਰ ਸਮਾਜ ਦੇ ਜਹਾਜ ਨੂੰ ਸੇਧ ਦੇਣ ਨੂੰ ਸਮਰਥਹੀਨ ਸਾਬਤ ਹੋ ਰਹੀ ਸੀ। ਐਸੇ ਹੀ ਸਮੇਂ ਮੁਹੰਮਦ ਸਾਹਿਬ ਨੇ ਸਮਾਨਤਾ ਅਤੇ ਸੁਰਖਿਆ ਦੀ ਮਨੁੱਖੀ ਮੰਗ ਨੂੰ ਮੁਖ ਰਖਕੇ ਇਕ ਤੀਸਰਾ ਪੰਥ ਚਲਾਇਆ, ਜਿਸਦਾ ਨਾਂ ਰਖਿਆ, "ਇਸਲਾਮ"! ਪਰੋਹਿਤ ਵੰਸ਼ਵਾਦੀ ਬ੍ਰਾਹਮਣਾਂ ਦੀ ਥਾਂ, ਕੁਝ ਸੂਝਵਾਨ, ਸਮਾਜ ਸ਼ਾਸਤ੍ਰੀ ਅਤੇ ਧਾਰਮਿਕ ਵਿਅਕਤੀਆਂ ਨੂੰ ਮਿਲਾ ਨਵੇਂ ਨਿਯਾਇਕ ਸੰਸਥਾ ਦਾ ਨਿਰਮਾਣ ਕੀਤਾ, ਜਿਸ ਦਾ ਨਾਂ ਰਖਿਆ, "ਸ਼ਰਾ" (ਸਿੱਧਾ ਰਾਹ)। ਅੰਜੀਲ ਦੀ ਥਾਂ "ਕੁਰਾਨ" ਨੇ ਲੈ ਲਈ। ਪਹਿਲੀ ਵਾਰ ਕਿਸੇ ਧਰਮ ਨੇ ਸਮਾਜ ਦੀ ਸੁੱਧ ਲਈ। ਚੋਰੀ ਕਰਨ ਵਾਲੇ ਦੇ ਹੱਥ ਕੱਟ ਦਿਓ, ਬਲਾਤਕਾਰੀ ਨੂੰ ਸ਼ਰੇ ਬਾਜ਼ਾਰ ਕੋੜੇ ਮਾਰ ਕੇ ਖਤਮ ਕਰ ਦਿਓ, ਅਮਾਨਤ ਵਿਚ ਖਿਆਨਤ ਕਰਨ ਵਾਲੇ ਲਈ ਕਠੋਰ 'ਡੰਨ' ਜਿਹੀ ਪਰੰਪਰਾ ਨੂੰ ਧਰਮ ਨਾਲ ਜੋੜਿਆ। ਰਾਜਾ ਤੋਂ ਲੈਕੇ ਰੰਕ ਤਕ ਅਤੇ ਸੂਫੀ ਤੋਂ ਲੈ ਕੇ ਸਮਰਾਟ ਤਕ ਸਾਰੀ ਖਲਕ ਇਸ ਇਸਲਾਮੀ ਕਾਨੂੰਨ ਥੱਲੇ ਲਿਆਂਦੀ ਗਈ। ਕਿਸੇ ਗਰੀਬ ਰਿਆਯਾ ਦੀ ਮੁਟਿਆਰ ਤੇ ਬੁਰੀ ਨਜ਼ਰ ਰੱਖਣ ਵਾਲੇ ਨਵਾਬ ਨੂੰ ਜਾਂ ਕਿਸੇ ਵਿਗੜੇ ਹੋਏ ਵਜ਼ੀਰ ਨੂੰ ਸ਼ਰ੍ਹਾ ਦੇ ਸਾਹਮਣੇ ਜਲੀਲ ਹੁੰਦਿਆਂ ਵੇਖ ਮਨੁੱਖੀ ਮਨੋਵਿਗਿਆਨ ਦੇ ਉਤਸ਼ਾਹ ਦਾ ਹੀ ਕਰਿਸ਼ਮਾ ਸੀ, ਜੋ ਵੇਖਦਿਆਂ ਵੇਖਦਿਆਂ ਤਕਰੀਬਨ ਅੱਧੀ ਦੁਨੀਆਂ ਇਸਲਾਮ ਦੀ ਧਾਰਨੀ ਬਣ ਗਈ।

ਗੁਰੂ ਨਾਨਕ ਨੇ ਧਰਮ ਦੀ ਨਵੀਂ ਪਰੀਭਾਸ਼ਾ ਦਿੱਤੀ, "ਧੌਲੁ ਧਰਮੁ ਦਇਆ ਕਾ ਪੂਤੁ" ਸਵਾਰਥ ਦੀ ਥਾਂ ਦਇਆ ਨੂੰ ਤਰਜੀਹ ਦਿੱਤੀ। ਦਇਆ ਸੰਤੋਖ ਬ੍ਰਹਮਚਰਯ ਅਤੇ ਸੱਤ ਨੂੰ ਧਰਮ ਦਾ ਪ੍ਰਤੀਕ ਬਨਾਉਣ ਵਾਲੇ ਗੁਰੂ ਨਾਨਕ ਦੇ ਅੰਤਸ਼ ਵਿਚ ਇਕ ਵਾਰ ਫਿਰ ਧਰਮ ਨੂੰ ਵਿਕਾਰ ਰਹਿਤ ਅਤੇ ਸਮਾਜਮੁਖੀ ਬਣਾ ਕੇ "ਵਿਸ਼ਵ ਗੁਰੂ" ਦੇ ਪ੍ਰਾਚੀਨ ਗੌਰਵ ਨੂੰ ਪ੍ਰਾਪਤ ਕਰਨ ਦੀ ਅਤੇ ਇਕ ਸ਼ਕਤੀਸ਼ਾਲੀ ਭਾਰਤ ਨਿਰਮਾਣ ਦੀ ਕਲਪਨਾ ਹੀ ਰਹੀ ਹੋਵੇਗੀ। "ਸੰਗਤ ਔਰ ਪੰਗਤ" ਦੀ ਪਰੰਪਰਾ, ਸਮਾਜਵਾਦ ਦਾ ਸਭ ਤੋਂ ਨਿਵੇਕਲਾ ਅਤੇ ਸ੍ਰੇਸ਼ਠ ਪ੍ਰਮਾਣ ਹੈ। ਪੰਗਤ ਵਿਚ ਸੇਵਾ ਅਤੇ ਸੰਗਤ ਵਿਚ ਸਿਮਰਨ ਦਾ ਜਨਮ ਹੋਵੇਗਾ। ਸੇਵਾਂ ਕਰਕੇ ਮਨੁੱਖ ਸੰਸਾਰ ਨਾਲ ਜੁੜੇਗਾ ਅਤੇ ਸਿਮਰਨ ਕਰਕੇ ਪ੍ਰਾਣੀ ਕਰਤਾਰ ਨਾਲ ਜੁੜੇਗਾ। ਉਚ-ਨੀਚ ਅਤੇ ਗਰੀਬ ਅਮੀਰ ਦੇ ਭੇਦ-ਭਾਵ ਤੋਂ ਹੀਨ ਪੰਗਤ, ਸਮਾਨਤਾ ਅਤੇ ਸਮਾਜਵਾਦ ਦਾ ਉਤਕ੍ਰਿਸ਼ਟ ਨਮੂਨਾ ਸੀ। ਸੰਨ ੧੫੬੬ ਈਸਵੀ ਵਿਚ ਬਾਦਸ਼ਾਹ ਅਕਬਰ ਲਾਹੌਰ ਤੋਂ ਦਿੱਲੀ ਆ ਰਿਹਾ ਸੀ। ਲਾਹੌਰ ਦਾ ਸੂਬਾ ਜਾਫ਼ਰ ਬੇਗ ਭੀ ਨਾਲ ਸੀ। ਜਾਫਰ ਬੇਗ ਨੇ ਗੁਰੂ ਨਾਨਕ ਦੇ ਦਰ ਦੀ ਮਹਿਮਾ ਬਾਦਸ਼ਾਹ ਨੂੰ ਦੱਸੀ। ਇਹ ਭੀ ਦਸਿਆ ਕਿ ਦਿੱਲੀ ਦੇ ਮਾਰਗ ਤੇ ਵਸਿਆ ਗੋਇੰਦਵਾਲ, ਵੇਲੇ ਦੇ ਗੁਰੂ ਸ੍ਰੀ ਗੁਰੂ ਅਮਰਦਾਸ ਜੀ ਦਾ ਨਿਵਾਸ ਸਥਾਨ ਹੈ। ਬਾਦਸ਼ਾਹ ਅਕਬਰ ਨੇ ਅਬੁਲ ਫਜ਼ਲ ਤੋਂ ਭੀ ਗੁਰੂ ਨਾਨਕ ਦੀ ਮਹਿਮਾ ਸੁਣੀ ਸੀ। ਬਾਦਸ਼ਾਹ ਦਰਸ਼ਨ ਦੀ ਇੱਛਾ ਲੈ ਕੇ ਗੋਇੰਦਵਾਲ ਸਾਹਿਬ ਪੁੱਜਾ। ਅੰਦਰ ਧਰਮਸ਼ਾਲਾ ਵਿਖੇ, ਪਾਤਸ਼ਾਹ ਨੂੰ ਖਬਰ ਕਰ ਦਿਤੀ ਗਈ। ਬਾਬਾ ਬੁੱਢਾ ਜੀ ਦੇ ਸਿੱਖਾਂ ਦੇ ਨਾਲ ਬਾਦਸ਼ਾਹ ਨੂੰ ਮਿਲੇ ਤੇ ਗੁਰੂ ਜੀ ਦੇ ਦਰਸ਼ਨ ਦੇ ਅਸੂਲ ਸਮਝਾਏ। ਸੰਗਤ ਦੇ ਨਾਲ ਪੰਗਤ ਵਿਚ ਬੈਠ ਕੇ ਲੰਗਰ ਛਕਣ ਤੋਂ ਬਾਅਦ ਹੀ ਗੁਰੂ ਜੀ ਦੇ ਦਰਸ਼ਨ ਹੋਣਗੇ। ਹਿੰਦੋਸਤਾਨ ਦੇ ਬਾਦਸ਼ਾਹ ਦੀ ਨਾਰਾਜ਼ਗੀ ਦੀ ਪ੍ਰਵਾਹ ਨਹੀਂ ਕੀਤੀ, ਗੁਰੂ ਨਾਨਕ ਦੀ ਸਮਾਨਤਾ ਅਤੇ ਸਮਾਜਵਾਦੀ ਦ੍ਰਿਸ਼ਟੀਕੋਣ ਨੂੰ ਸਰਵੋਪਰੀ ਰਖਿਆ। ਬਾਦਸ਼ਾਹ ਨੇ ਭੀ ਪੰਗਤ ਵਿਚ, ਆਮ ਸ਼ਰਧਾਲੂ ਸਿੱਖ ਸੇਵਕਾਂ ਦੇ ਨਾਲ ਗੁਰੂ ਕੇ ਲੰਗਰ ਦਾ ਜੋ ਅਨੰਦ ਪ੍ਰਾਪਤ ਕੀਤਾ, ਉਸ ਦੇ ਸਾਹਮਣੇ ਸ਼ਾਹੀ ਭੋਜ ਅਤੇ ਛੱਤੀ ਵਿਅੰਜਨ ਭੀ ਫਿੱਕੇ ਜਾਪੇ।

ਸਮਾਜ ਜੀਵੇ, ਕੌਮ ਜੀਵੇ, ਦੇਸ਼ ਜੀਵੇ, ਤਾਂ ਮਨੁਖ ਜਿਉਂਦਾ ਰਹੇਗਾ। ਸਮਾਜ ਤੋਂ ਬਗੈਰ ਵਿਅਕਤੀ ਦੀ ਕਲਪਨਾ ਭੀ ਨਹੀਂ ਕੀਤੀ ਜਾ ਸਕਦੀ। ਪ੍ਰਮੁਖ ਸਮਾਜ ਸ਼ਾਸਤਰੀਆਂ ਨੇ ਤਾਂ ਮਨੁਖ ਦੀ ਪ੍ਰੀਭਾਸ਼ਾ ਹੀ ਦਿਤੀ ਹੈ— "ਮਨੁੱਖ ਇਕ ਸਮਾਜਕ ਪ੍ਰਾਣੀ ਹੈ।" ਸਮਾਜ ਖਾਤਰ, ਕੌਮ ਖਾਤਰ, ਸਰਵਸਵ ਸਮਰਪਣ ਵਿਅਕਤੀ ਦਾ ਧਰਮ ਹੈ ਅਤੇ ਸਮਾਜ ਦੇ ਹਰ ਵਿਅਕਤੀ ਦੀ ਸੁਖ ਸ਼ਾਂਤੀ ਅਤੇ ਸੁਰਖਿਆ



Sri Satguru Jagjit Singh Ji eLibrary NamdhariElibrary@gmail.com

ਦਾ ਅਵਸਰ ਪ੍ਰਦਾਨ ਕਰਨਾ ਸਮਾਜ ਦਾ ਧਰਮ ਹੈ। ਸਮਾਜਕ ਪਰੰਪਰਾ ਅਤੇ ਨੈਤਿਕ ਮੂਲ ਨੂੰ ਨਜ਼ਰ-ਅੰਦਾਜ਼ ਕਰ, ਭੌਤਿਕ ਸੰਸਾਧਨ ਇਕੱਤਰ ਕਰਕੇ ਸੁਖੀ ਹੋਣ ਦਾ ਖ਼ੁਆਬ 'ਮੁੰਗੇਰੀ ਲਾਲ ਦਾ ਸੁਪਨਾ' ਹੈ ਅਤੇ ਆਪਣੀ ਹੀ ਪਰਜਾ ਦੇ ਦੁਖ ਦਰਦ ਤੋਂ ਬੇਖ਼ਬਰ ਰਾਜਾ, ਆਪਣੀ ਹੀ ਜਨਤਾ ਦੀ ਪ੍ਰਵਾਹ ਨਾ ਕਰਨ ਵਾਲਾ ਨੇਤਾ, ਅਤੇ ਆਪਣੀ ਹੀ ਸੰਗਤ ਦਾ ਸੋਸ਼ਨ ਕਰਨ ਵਾਲਾ ਧਾਰਮਕ ਆਗੂ, ਆਪਣੇ ਹੀ ਸਿਰ 'ਤੇ ਹੱਥ ਰੱਖਕੇ ਨੱਚਣ ਵਾਲੇ ਭਸਮਾਸੁਰ ਵਾਂਗ ਨਸ਼ਟ ਹੋ ਜਾਂਦਾ ਹੈ।

ਪੰਡਤ ਮਦਨ ਮੋਹਨ ਮਾਲਵੀਯ, ਕਾਸ਼ੀ ਹਿੰਦੂ ਵਿਸ਼ਵ ਵਿਦਿਆਲਯ ਦੇ ਭਵਨ ਨਿਰਮਾਣ ਵਿਚ ਲੱਗੇ ਹੋਏ ਸਨ। ਆਪਣੀ ਸਾਰੀ ਜ਼ਮੀਨ ਜਾਇਦਾਦ ਵੇਚ ਕੇ ਲਾ ਦਿਤੀ। ਵਿਦਿਆ ਪ੍ਰੇਮੀਆਂ ਤੋਂ ਆਇਆ ਚੰਦਾ ਨਿਰਮਾਣ ਖਰਚ ਦੀ ਤੁਲਨਾ ਵਿਚ ਬਹੁਤ ਥੋੜ੍ਹਾ ਸੀ। ਇਕ ਦਿਨ ਪੰਡਤ ਜੀ ਚਿੰਤਤ ਮੁਦਰਾ ਵਿਚ ਬੈਠੇ ਸਨ। ਇਕ ਬਿਰਧ ਔਰਤ ਨੇ ਗਹਿਣਿਆਂ ਦੀ ਪੋਟਲੀ ਪੰਡਤ ਜੀ ਦੇ ਸਾਹਮਣੇ ਰੱਖ ਕੇ ਅਰਜ਼ ਕੀਤੀ, "ਪੰਡਤ ਜੀ, ਵਿਦਿਆ ਕੀ ਦੇਵੀ ਸਰਸਵਤੀ ਕੇ ਇਸ ਮੰਦਿਰ ਮੇਂ ਯਦੀ ਮੇਰੇ ਯੇਹ ਆਭੂਸ਼ਣ ਕਾਮ ਆ ਸਕੇਂ ਤੋ ਮੈਂ ਅਪਨੇ ਆਪ ਕੋ ਭਾਗਯਸ਼ਾਲੀ ਸਮਝੂੰਗੀ।" ਪੰਡਤ ਜੀ ਦੀਆਂ ਅੱਖਾਂ ਵਿਚ ਖੁਸ਼ੀ ਦੇ ਹੰਝੂ ਭਰ ਆਏ। ਭਰੇ ਗਲੇ ਨਾਲ ਹੱਥ ਜੋੜ ਕੇ ਬੇਨਤੀ ਕੀਤੀ, "ਮਾਤੇ! ਆਪ ਜੈਸੀ ਮਾਤਾ ਕਾ ਆਸ਼ੀਰਵਾਦ ਹੀ ਮੇਰਾ ਸਹਾਰਾ ਹੈ, ਮੇਰਾ ਖ਼ਜ਼ਾਨਾ ਹੈ। ਹਿੰਦੂ ਸਮਾਜ ਕੀ ਸੁਖ ਸ਼ਾਂਤੀ ਏਵੰ ਸੁਰਖਿਆ ਕੇ ਲੀਏ ਹੀ ਇਸ ਸਿਖਸ਼ਾ ਕੇਂਦਰ ਕਾ ਨਿਰਮਾਣ ਕਰ ਰਹਾ ਹੂੰ। ਤੁਮ੍ਹਾਰੇ ਪੁਤ੍ਰ ਏਵੰ ਪੁਤ੍ਰਬਧੂ ਕਾ ਯੇਹ ਅਧਿਕਾਰ ਲੇਕਰ ਮੈਂ ਅਪਨੇ ਹੀ ਸਮਾਜ ਕੀ ਇਕਾਈ ਕੋ ਕਮਜ਼ੋਰ ਨਹੀਂ ਕਰਨਾ ਚਾਹਤਾ...।" ਇਹ ਕਹਿਕੇ ਉਹ ਪੋਟਲੀ ਉਸ ਬਿਰਧ ਮਾਤਾ ਦੇ ਹੱਥ ਫੜਾ ਨਿਮਰਤਾ ਸਹਿਤ ਵਾਪਸ ਤੋਰ ਦਿਤਾ।

ਮਹਾਰਾਜਾ ਰਣਜੀਤ ਸਿੰਘ ਤੋਂ ਬਾਅਦ—ਪਹਿਲਾਂ ਡੋਗਰਾ ਬੰਧੂ ਦੀ ਕੁਟਲਤਾ ਅਤੇ ਬਾਅਦ ਵਿਚ ਅੰਗਰੇਜ਼ਾਂ ਦੀ 'ਪਾੜੋ ਤੇ ਰਾਜ ਕਰੋ' ਜਿਹੀ ਕਪਟੀ ਨੀਤੀ ਕਾਰਣ ਨਿਰੰਤਰ ਟੁਟ ਰਹੇ ਸਿੱਖ ਸਮਾਜ ਨੂੰ ਇਕਜੁੱਟ ਕਰਨ ਲਈ ਸੰਨ ੧੯੪੪ ਵਿਚ ਨਾਮਧਾਰੀ ਸਤਿਗੁਰੂ ਪ੍ਰਤਾਪ ਸਿੰਘ ਨੇ ਸ੍ਰੀ ਭੈਣੀ ਸਾਹਿਬ ਵਿਖੇ "ਨਾਨਕ ਨਾਮ ਲੇਵਾ ਸਰਬ ਸਿੱਖ ਕਾਨਫਰੰਸ" ਦਾ ਆਯੋਜਨ ਕੀਤਾ। ਕੁਝ ਸਿੱਖ ਲੀਡਰਾਂ ਨੇ ਕਾਨਫਰੰਸ ਵਿਚ ਦਸ ਗੁਰੂਆਂ ਦਾ ਅਰਦਾਸਾ ਕਰਨ ਦੀ ਸ਼ਰਤ ਰੱਖੀ। ਪੰਥਕ ਏਕਤਾ ਅਤੇ ਸਿੱਖ ਸਮਾਜ ਦੇ ਪੁਨਰ-ਸੰਗਠਨ ਲਈ ਚਿੰਤਤ ਸਤਿਗੁਰੂ ਪ੍ਰਤਾਪ ਸਿੰਘ ਨੇ ਕਿਹਾ, "ਤੁਸੀਂ ਭਾਵੇਂ ਇਕ ਗੁਰੂ ਦੀ ਅਰਦਾਸ ਕਰ ਲਓ, ਪਰ ਇਕੱਠੇ ਹੋ ਜਾਓ. ਨਹੀਂ ਤਾਂ ਖੇਰੂੰ-ਖੇਰੂੰ ਹੋ ਕੇ ਸਾਰੇ ਮਾਰੇ ਜਾਵਾਂਗੇ। ਪੰਥਕ ਏਕਤਾ ਅਤੇ ਸਮਾਜਕ ਖੁਸ਼ਹਾਲੀ ਹੀ ਕਿਸੇ ਸਮਾਜਕ ਜਾਂ ਧਾਰਮਕ ਨੇਤਾ ਦਾ ਸੁਪਨਾ ਹੁੰਦਾ ਹੈ। ਗੁਰੂ ਨਾਨਕ ਦੀ, ਸਮਾਜਕ ਸੁਖ-ਸ਼ਾਂਤੀ ਅਤੇ ਸਰਬਤ ਦੇ ਭਲੇ ਹਿਤ, ਸਮਾਜਕ ਸੁਰਖਿਆ ਦੀ ਪ੍ਰੰਪਰਾਗਤ ਸੋਚ ਹੀ ਸੀ, ਜੋ ਨੌਵੇਂ ਪਾਤਸ਼ਾਹ ਨੇ ਔਰੰਗਜ਼ੇਬੀ ਕਹਿਰ ਦਾ ਰੁਖ, ਆਪਣੇ ਤੇ ਕਰ ਲਿਆ। ਹਿੰਦੂ ਸਮਾਜ ਨੂੰ, ਇਸਲਾਮੀ ਜਨੂੰਨ ਦੀ ਹਨੇਰੀ ਤੋਂ ਬਚਾ ਲਿਆ, ਆਪਣਾ ਸੀਸ ਕੁਰਬਾਨ ਕਰ ਦਿਤਾ।

ਵਿਅਕਤੀ ਅਤੇ ਸਮਾਜ ਦੋਨੋਂ ਇਕ ਦੂਸਰੇ ਦੇ ਪੂਰਕ ਹਨ। ਸਮਾਜ ਲਈ ਸਮਰਪਤ ਵਿਅਕਤੀ ਅਤੇ ਵਿਅਕਤੀ ਦੇ ਸਮਯਕ ਵਿਕਾਸ ਲਈ ਯਤਨਸ਼ੀਲ ਸਮਾਜ ਦੋਨੋਂ ਸ਼ਲਾਘਾਯੋਗ ਹਨ। ਰੋਟੀ ਅਤੇ ਸੁਰੱਖਿਆ ਤੋਂ ਪ੍ਰਜਾ ਨੂੰ ਵਾਂਝਿਆਂ ਰੱਖਣ ਵਾਲੀ ਸਰਕਾਰ ਅਤੇ ਆਪਣੇ ਅਨੁਯਾਈ ਨੂੰ ਆਤਮਿਕ ਉੱਨਤੀ ਤੋਂ ਵਾਂਝਿਆਂ ਰੱਖਣ ਵਾਲਾ ਧਾਰਮਿਕ ਆਗੂ, ਸਮੇਂ ਦੀ ਗਰਤ ਵਿਚ ਗੋਤਾ ਖਾ ਜਾਂਦੇ ਹਨ।

)—(

ਕਵਿਤਾ

## 'ਭਗਤ ਸੰਗ ਪ੍ਰਭ ਗੋਸ਼ਟ ਕਰਤ'

—ਅਜੈਬ ਸਿੰਘ

ਹਜ਼ੂਰ ਇੰਜ ਨਾ ਕਰੋ ਨਹੀਂ ਤੇ ਮੈਂ ਰੋ ਪਵਾਂਗਾ।
ਮੇਰੇ ਸੰਗ ਸੰਗ ਰਹੋ ਨਹੀਂ ਤੇ ਮੈਂ ਰੋ ਪਵਾਂਗਾ।
ਬੜੇ ਚਿਰਾਂ ਤੋਂ ਚੁਪ ਚਾਪ ਬੈਠੇ ਹੋ,
ਜਨਾਬ ਕੁਝ ਤਾਂ ਕਹੋ ਨਹੀਂ ਤੇ ਮੈਂ ਰੋ ਪਵਾਂਗਾ।
ਕਈ ਜਨਮਾਂ ਦਾ ਤੈਨੂੰ ਭਾਲਦਾ ਹਾਂ,
ਹੁਣ ਤਾਂ ਜ਼ਰਾ ਕੋਲ ਬਹੋ ਨਹੀਂ ਤਾਂ ਮੈਂ ਰੋ ਪਵਾਂਗਾ।
ਹੁਣੇ ਆਏ, ਹੁਣੇ ਚਲੇ, ਐਨੀ ਕਾਹਲੀ?
ਦੋ ਕੁ ਪਲ ਹੋਰ ਰੁਕੋ ਨਹੀਂ ਤੇ ਮੈਂ ਰੋ ਪਵਾਂਗਾ।
ਮਸਾਂ ਮਰ ਮਰ ਕੇ ਹਨੇਰਾ ਦੂਰ ਹੋਇਆ,
ਜ਼ਰਾ ਠਹਿਰੋ ਸੂਰਜੋ ਚੰਦੋ ਨਹੀਂ ਤੇ ਮੈਂ ਰੋ ਪਵਾਂਗਾ।



Sri Satguru Jagjit Singh Ji eLibrary NamdhariElibrary@gmail.com

ਇਨਕਲਾਬੀ ਗਾਥਾ

# ਦੇਸ਼ ਭਗਤ ਸੁਖਦੇਵ ਰਾਜ

—ਪਿਆਰਾ ਸਿੰਘ 'ਦਾਤਾ'

ਅੱਜ ਤੋਂ ੨੪ ਸਾਲ ਪਹਿਲਾਂ ਦੀ ਗੱਲ ਹੈ। ਦਸ ਜੁਲਾਈ ੧੯੭੩ ਨੂੰ ਮੈਨੂੰ ਆਪਣੇ ਮਿੱਤਰ ਗੁਰਬੀਰ ਸਿੰਘ ਦੀ ਇਕ ਇਤਿਹਾਸਕ ਚਿੱਠੀ ਆਈ ਜਿਸ ਵਿਚ ਲਿਖਿਆ ਹੋਇਆ ਸੀ :—

ਪਿਆਰੇ ਵੀਰ ਜੀ,

ਜਦੋਂ ਸ਼ਹੀਦੇ ਆਜ਼ਮ ਭਗਤ ਸਿੰਘ, ਸੁਖਦੇਵ ਤੇ ਰਾਜਗੁਰੂ ਨੂੰ ੨੩ ਮਾਰਚ ਸੰਨ ੧੯੩੧ ਨੂੰ ਫਾਂਸੀ ਦਿਤੀ ਗਈ ਤਾਂ ਹਜ਼ਾਰਾਂ ਮਰਦ, ਇਸਤਰੀਆਂ, ਬੱਚੇ, ਬੁੱਢੇ ਲਾਹੌਰ ਜੇਲ੍ਹ ਦੇ ਦਰਵਾਜ਼ੇ ਅਗੇ ਭਗਤ ਸਿੰਘ ਦੀ ਲਾਸ਼ ਲੈਣ ਲਈ ਪਹੁੰਚ ਗਏ ਸਨ।

ਇਸ ਤਰ੍ਹਾਂ ਖੁਦੀ ਰਾਮ ਬੋਸ (ਬੰਗਾਲੀ ਦੇਸ਼ ਭਗਤ) ਦੀ ਰਾਖ ਨੂੰ ਲੋਕਾਂ ਨੇ ਤਾਵੀਜ਼ਾਂ ਵਿਚ ਰੱਖ ਕੇ ਬੱਚਿਆਂ ਦੇ ਗਲਾਂ ਵਿਚ ਪਾਇਆ। ਬਹਾਦੁਰ ਦੇਸ਼ ਭਗਤ ਚੰਦਰ ਸ਼ੇਖਰ ਆਜ਼ਾਦ ਨੇ ਕਸਮ ਖਾਧੀ ਸੀ ਕਿ ਉਹ ਜੀਂਦੇ ਜੀ ਪੁਲਿਸ ਦੇ ਹੱਥ ਨਹੀਂ ਆਏਗਾ। ਪੁਲਿਸ ਦੇ ਹੱਥਾਂ ਵਿਚ ਆਣ ਤੋਂ ਪਹਿਲਾਂ ਕਈ ਪੁਲਿਸ ਵਾਲਿਆਂ ਨੂੰ ਉਹ ਮੌਤ ਦੇ ਘਾਟ ਉਤਾਰ ਕੇ ਅਪਣੇ ਪਿਸਤੌਲ ਦੀ ਆਖਰੀ ਗੋਲੀ ਆਪਣੇ ਸੀਨੇ ਵਿਚ ਮਾਰ ਕੇ ਸ਼ਹੀਦ ਹੋ ਜਾਵੇਗਾ।...ਤੇ ਸਚਮੁਚ ਐਲਫਰਡ ਪਾਰਕ ਅਲਾਹਬਾਦ ਵਿਖੇ ਆਪਣੀ ਸ਼ਹਾਦਤ ਤੋਂ ਪਹਿਲਾਂ ਆਪਣੇ ਸਾਥੀ ਸੁਖਦੇਵ ਰਾਜ ਨੂੰ ਨਠਾ ਕੇ ਆਜ਼ਾਦ ਆਪਣੀ ਪਿਸਤੌਲ ਦੀ ਆਖਰੀ ਗੋਲੀ ਨਾਲ ਸ਼ਹੀਦ ਹੋ ਗਿਆ। ਇਤਿਹਾਸ ਸਾਖੀ ਹੈ ਕਿ ਚੰਦਰ ਸ਼ੇਖਰ ਆਜ਼ਾਦ ਦੇ ਜਲੂਸ ਵਿਚ ਸ਼ਾਮਿਲ ਮਰਦ, ਇਸਤਰੀਆਂ ਨੇ ਉਸ ਬਹਾਦਰ ਦੇਸ਼ ਭਗਤ ਦੀ ਰਾਖ ਨੂੰ ਇਸ ਤਰ੍ਹਾਂ ਲੁਟਿਆ ਕਿ ਬੜੀ ਮੁਸ਼ਕਿਲ ਨਾਲ ਥੋੜ੍ਹਾ ਜਿਹਾ ਹਿਸਾ ਹੀ ਪਵਿੱਤਰ ਰਾਖ ਕਾਸ਼ੀ ਲਿਜਾਣ ਵਾਸਤੇ ਪ੍ਰਬੰਧਕਾਂ ਪਾਸ ਬਚ ਸਕਿਆ।

ਵੀਰ,

ਅੱਜ ਮੈਂ ਆਪਣੇ ਅਥਰੂਆਂ ਨੂੰ ਬੜੀ ਮੁਸ਼ਕਲ ਨਾਲ ਰੋਕਿਆ ਹੋਇਆ ਹੈ। ਅੱਜ ਦੇ ਦਿਨ ਅਸੀਂ ਬਹਾਦੁਰ ਇਨਕਲਾਬੀ ਚੰਦਰ ਸ਼ੇਖਰ ਦੇ ਸਾਥੀ ਸੁਖਦੇਵ ਰਾਜ ਦੀ ਅਰਥੀ ਨੂੰ ਮੋਢਾ ਦੇ ਕੇ ਸ਼ਮਸ਼ਾਨ ਘਾਟ ਵਲ ਲਿਜਾ ਰਹੇ ਸਾਂ। ਇਹ ਉਹੀ ਬਹਾਦਰ ਦੇਸ਼ ਭਗਤ ਸੁਖਦੇਵ ਰਾਜ ਸੀ, ਜੋ ਚੰਦਰ ਸ਼ੇਖਰ ਆਜ਼ਾਦ ਨਾਲ ਪੁਲਿਸ ਘੇਰੇ ਵਿਚੋਂ, ਆਜ਼ਾਦ ਦੇ ਇਸ਼ਾਰੇ ਤੇ ਪੁਲਿਸ ਤੇ ਗੋਲੀਆਂ ਚਲਾਉਂਦਿਆਂ ਹੋਇਆਂ ਐਲਫਰੈਡ ਪਾਰਕ ਚੋਂ ਮਫਰੂਰ ਹੋ ਗਿਆ ਸੀ। ਮਫਰੂਰੀ ਸਮੇਂ ਉਹ ਸੰਨ ੧੯੩੮ ਵਿਚ ਲਾਹੌਰ ਵਿਖੇ ਫੜ ਲਿਆ ਗਿਆ। ਕਈ ਸਾਲ ਦੀ ਕੈਦ ਮਗਰੋਂ ਉਸਨੇ ਇਕ ਗੁੰਮਨਾਮ ਜਿਹੇ ਪਿੰਡ ਵਿਚ ਰਿਹਾਇਸ਼ ਰਖੀ, ਜੋ ਦੁਰਗ ਸ਼ਹਿਰ ਦੇ ਨੇੜੇ ਸੀ। ਅੱਜ ਉਸੇ ਦੇਸ਼ ਭਗਤ ਦੀ ਅਰਥੀ ਨਾਲ ਅਸੀਂ ਮਸਾਂ ਤੀਹ ਚਾਲੀ ਹੀ ਬੰਦੇ ਸਾਂ। ਇਸ ਬਹਾਦਰ ਦੇਸ਼ ਭਗਤ ਦਾ ਦਿਹਾਂਤ ਉਸ ਯੁਗ ਵਿਚ ਹੋਇਆ, ਜਿਸ ਵਿਚ ਜੇ ਅੱਜ ਸ਼ਹੀਦੇ ਆਜ਼ਮ ਭਗਤ ਸਿੰਘ, ਚੰਦਰ ਸ਼ੇਖਰ ਆਜ਼ਾਦ ਤੇ ਖੁਦੀ ਰਾਮ ਬੋਸ ਦੀ ਮੌਤ ਹੁੰਦੀ ਤਾਂ ਮੈਂ ਕਸਮ ਖਾ ਕੇ ਕਹਿੰਦਾ ਹਾਂ ਕਿ ਉਨ੍ਹਾਂ ਦਾ ਵੀ ਇਹੋ ਹਸ਼ਰ ਹੋਣਾ ਸੀ।

ਮੇਰੇ ਪਾਸ ਖੜੋਤਾ ਹੋਇਆ ਇਕ ਬਜ਼ੁਰਗ ਮੇਰੇ ਕੰਨਾਂ ਵਿਚ ਹੌਲੀ-ਹੌਲੀ ਕਹਿ ਰਿਹਾ ਸੀ "ਬੁਢਾ ਸੁਖਦੇਵ ਰਾਜ ਉਦੋਂ ਕਿਉਂ ਨਹੀਂ ਮਰ ਗਿਆ, ਜਦੋਂ ਉਸਦੀ ਕੀਮਤ ਪੈ ਸਕਦੀ ਸੀ। ਅੱਜ ਤਾਂ ਇਸਦੇ ਮਾਤਮੀ ਜਲੂਸ ਵਿਚ ਅੱਖਾਂ ਗਿੱਲੀਆਂ ਕਰਨ ਲਈ ਕੇਵਲ ਦੋ ਦਰਜਨ ਨੌਜਵਾਨ ਹੀ ਸ਼ਾਮਿਲ ਹੋਏ ਹਨ। ਨੇਤਾਜਨਾਂ ਨੂੰ ਤਾਂ ਇਸ ਜਲੂਸ ਵਿਚ ਸ਼ਾਮਿਲ ਹੋਣ ਦੀ ਫੁਰਸਤ ਹੀ ਨਹੀਂ ਹੈ।"

... ... ...

ਬਹਾਦੁਰ ਇਨਕਲਾਬੀ ਸੁਖਦੇਵ ਰਾਜ, ਭਗਤ ਸਿੰਘ ਸ਼ਹੀਦ ਤੇ ਭਗਵਤੀ ਚਰਨ ਵੋਹਰਾ ਦਾ ਸਾਥੀ ਸੀ। ਦੇਸ਼ ਦੀ ਆਜ਼ਾਦੀ ਮਗਰੋਂ ਉਹ ਅੱਜ ਦੀ ਫੋਕਟ ਰਾਜਨੀਤੀ ਤੋਂ ਵੱਖ ਹੋ ਗਿਆ ਸੀ। ਮਧ ਪ੍ਰਦੇਸ਼ ਦੇ ਇਕ ਗੁੰਮਨਾਮ ਪਿੰਡ 'ਅੰਗ' ਦੇ ਇਕ ਸਰਕਾਰੀ ਹਸਪਤਾਲ ਵਿਚ ਉਹ ਵਿਕਲਾਂਗ ਰੋਗੀਆਂ ਦੀ ਸੇਵਾ ਕਰਕੇ ਸ਼ਾਂਤਮਈ ਜੀਵਨ ਬਿਤਾ ਰਿਹਾ ਸੀ। ਉਸਦੀ ਉਮਰ ਸੱਤਰ ਸਾਲ ਦੀ ਸੀ। ਲੰਬਾ, ਚੌੜਾ, ਉਚਾ, ਵਰਜਸ਼ੀ ਸਰੀਰ। ਮੱਥੇ ਤੇ ਟਿੱਕਾ, ਜੋਗੀਆਂ ਵਾਲ ਲਿਬਾਸ—ਕੁਰਤਾ, ਪਜਾਮਾ, ਕਦੀ ਲੁੰਗੀ ਪਹਿਨਦਾ। ਹੱਥ ਵਿਚ ਸੋਟੀ ਫੜੀ ਮੱਧ ਪ੍ਰਦੇਸ਼ ਦੇ ਕਸਬੇ ਦੁਰਗ ਵਿਚ ਆਂਦਾ ਰਹਿੰਦਾ ਸੀ। ਗਲਬਾਤ ਉਹ ਘਟ ਹੀ ਕਰਦਾ ਸੀ। ਲੋਕੀ ਉਸਨੂੰ ਸਵਾਮੀ ਜੀ ਕਰਕੇ ਬੁਲਾਂਦੇ ਸਨ। ਕਿਸੇ ਨੂੰ ਨਹੀਂ ਪਤਾ ਸੀ ਕਿ



Sri Satguru Jagjit Singh Ji eLibrary NamdhariElibrary@gmail.com

ਇਹ ਬਹਾਦਰ ਦੇਸ਼ ਭਗਤ ਸੁਖਦੇਵ ਰਾਜ ਹੈ, ਜੋ ਸ਼ਹੀਦ ਭਗਤ ਸਿੰਘ ਤੇ ਚੰਦਰ ਸ਼ੇਖਰ ਦੇ ਸਾਥੀਆਂ ਵਿਚੋਂ ਇਕ ਹੈ।

ਮੇਰਾ ਮਿੱਤਰ ਗੁਲਬੀਰ ਸਿੰਘ ਭਾਟੀਆ, ਜੋ ਉਸ ਸਮੇਂ ਦੁਰਗ ਵਿਚ ਕਿਤਾਬਾਂ ਦੀ ਦੁਕਾਨ ਕਰਦਾ ਸੀ, ਸਵਾਮੀ ਸੁਖਦੇਵ ਰਾਜ ਦੀ ਪਹਿਲੀ ਮੁਲਾਕਾਤ ਬਾਰੇ ਲਿਖਦਾ ਹੈ—

"ਸਵਾਮੀ ਜੀ ਨਾਲ ਮੇਰੀ ਪਹਿਲੀ ਮੁਲਾਕਾਤ ਬੜੇ ਦਿਲਚਸਪ ਢੰਗ ਨਾਲ ਹੋਈ। ਉਸ ਦਿਨ ਸਵੇਰ ਸਾਰ ਹੀ ਉਹ ਮੇਰੀ ਦੁਕਾਨ ਤੇ ਆਏ ਤੇ ਕਹਿਣ ਲਗੇ, 'ਸੁਣਾ ਬਈ ਸਰਦਾਰ', ਕਿਤਾਬਾਂ ਵਲ ਵੇਖਦਿਆਂ ਹੋਇਆਂ ਉਹਨਾਂ ਮੈਨੂੰ ਸੰਬੋਧਤ ਕੀਤਾ, 'ਸਰਦਾਰ ਤੇਰੇ ਕੋਲ ਡਿਕਸ਼ਨਰੀ ਹੈ?'"

ਪਹਿਲੀ ਹੀ ਮੁਲਾਕਾਤ ਵਿਚ ਉਹਨਾਂ ਦਾ ਇਸ ਤਰ੍ਹਾਂ ਮੈਨੂੰ ਸੰਬੋਧਨ ਕਰਨਾ ਬੜਾ ਅਜੀਬ ਜਿਹਾ ਲਗਾ, ਪਰ ਮੈਂ ਸਤਿਕਾਰ ਵਜੋਂ ਉਠਿਆ ਤੇ ਡਿਕਸ਼ਨਰੀ ਉਹਨਾਂ ਸਾਹਮਣੇ ਰੱਖ ਦਿਤੀ।

"ਬਈ, ਤੂੰ ਹੀ ਵੇਖ ਜ਼ਰਾ, ਸ਼ਸਤਰ ਤੇ ਅਸਤਰ ਵਿਚ ਕੀ ਫਰਕ ਹੁੰਦੈ?" ਉਹਨਾਂ ਨੇ ਡਿਕਸ਼ਨਰੀ ਫਿਰ ਮੇਰੇ ਅਗੇ ਕਰ ਦਿਤੀ।

"ਸਵਾਮੀ ਜੀ, ਆਜ਼ਾਦੀ ਮਿਲਿਆਂ ਅੱਜ ਛੱਬੀ ਸਤਾਈ ਸਾਲ ਹੋ ਗਏ, ਹੁਣ ਤਾਂ ਸ਼ਸਤਰਾਂ ਅਸਤਰਾਂ ਦਾ ਖਹਿੜਾ ਛਡੋ।" ਮੈਂ ਮੁਸਕਰਾਇਆ।

ਸਵਾਮੀ ਜੀ ਹੱਸਦਿਆਂ ਹੋਇਆਂ ਕਹਿਣ ਲਗੇ, "ਦੋਸਤ, ਲੋਕ ਨਹੀਂ ਛੱਡਣ ਦੇਂਦੇ। ਅੱਜ ਰਾਤੀਂ ਲੈਕਚਰ ਦੇਣੈ—ਆਜ਼ਾਦੀ ਦੀ ਲੜਾਈ ਵਿਚ ਸ਼ਸਤਰ-ਕ੍ਰਾਂਤੀ ਦਾ ਮਹੱਤਵ।"

ਮੇਰੇ ਮਿੱਤਰ ਗੁਲਬੀਰ ਸਿੰਘ ਨੇ ਸਵਾਮੀ ਜੀ ਨੂੰ 'ਸ਼ਸਤਰ-ਅਸਤਰ' ਦਾ ਅੰਤਰ ਦਸਿਆ ਤਾਂ ਉਹ ਉਠ ਕੇ ਚਲੇ ਗਏ। ਉਸਤੋਂ ਮਗਰੋਂ ਸਵਾਮੀ ਜੀ ਦੀਆਂ ਭਾਟੀਆ ਨਾਲ ਕਈ ਮੁਲਾਕਾਤਾਂ ਹੋਈਆਂ। ਉਹ ਅੱਜ ਦੀ ਰਾਜਨੀਤੀ ਤੋਂ ਬੜੇ ਬੇਜ਼ਾਰ ਸਨ। ਉਨ੍ਹਾਂ ਨੇ ਸਾਹਿਤ ਤੇ ਰਾਜਨੀਤੀ ਦਾ ਅਧਿਅਨ ਕੀਤਾ ਸੀ। ਉਨ੍ਹਾਂ ਆਪਣੇ ਇਨਕਲਾਬੀ ਜੀਵਨ ਦੀ ਗਾਥਾ ਸੁਣਾਈ। ਲਾਹੌਰ ਵਿਚ ਸਾਂਡਰਸ ਦਾ ਕਤਲ ਕੇਸ, ਕਾਕੋਰੀ ਵਿਖੇ ਰੇਲ ਵਿਚ ਇਨਕਲਾਬੀਆਂ ਵਲੋਂ ਗੱਡੀ ਲੁਟਣ ਦੀ ਕਥਾ, ਭਗਤ ਸਿੰਘ ਤੇ ਦੁਰਗਾ ਭਾਬੀ ਵਿਚਲੇ ਪਵਿੱਤਰ ਪ੍ਰੇਮ ਸੰਬੰਧਾਂ, ਭਗਵਤੀ ਚਰਨ ਵੋਹਰਾ ਦੇ ਹੱਥ ਵਿਚ ਬੰਬ ਫਟ ਜਾਣਾ। ਯਸ਼ਪਾਲ ਤੇ ਪ੍ਰਕਾਸ਼ ਜੀ (ਇਸ ਸਮੇਂ ਉਹ ਸ੍ਰੀਮਤੀ ਯਸ਼ਪਾਲ ਸੀ।) ਆਜ਼ਾਦੀ ਦੀ ਲੜਾਈ ਦੀਆਂ ਬੜੀਆਂ ਕਰਾਂਤੀਕਾਰੀ ਦਿਲਚਸਪ ਘਟਨਾਵਾਂ। ਚੰਦਰ ਸ਼ੇਖਰ ਆਜ਼ਾਦ ਦੀ ਸ਼ਹਾਦਤ ਦਾ ਅੱਖੀਂ ਡਿਠਾ ਹਾਲ ਸੁਣਕੇ ਦੁਰਗ ਦੇ ਨੌਜਵਾਨ ਭੜਕ ਉਠਦੇ ਸਨ।

ਦੇਸ਼ ਭਗਤ ਸੁਖਦੇਵ ਰਾਜ ਜੀ ਨੂੰ ਨਵੀਆਂ ਤੇ ਚੰਗੀਆਂ ਕਿਤਾਬਾਂ ਪੜ੍ਹਨ ਦਾ ਬੜਾ ਸ਼ੌਕ ਸੀ। ਇਕ ਦਿਨ ਸਵਰਗੀ ਨਹਿਰੂ ਦੀ ਕਿਤਾਬ "ਡਿਸਕਵਰੀ ਆਫ਼ ਇੰਡੀਆ" ਦੀ ਗੱਲ ਚਲ ਨਿਕਲੀ ਤਾਂ ਕਹਿਣ ਲਗੇ, "ਮੈਂ ਨਹੀਂ ਪੜ੍ਹੀ"।

"ਮੈਂ ਲਿਆ ਦਿਆਂਗਾ, ਮੇਰੇ ਕੋਲ ਹੈ", ਗੁਰਬੀਰ ਨੇ ਉੱਤਰ ਦਿਤਾ।

"ਤੇ ਇਸ ਤੋਂ ਬਾਅਦ ਉਹਨਾਂ ਦੇ ਦੋ ਤਿੰਨ ਵਾਰ ਯਾਦ ਕਰਾਉਣ ਦੇ ਬਾਵਜੂਦ ਵੀ ਮੈਂ ਭੁੱਲ ਜਾਂਦਾ ਰਿਹਾ। ਇਸੇ ਲਈ ਉਹ ਕਿਤਾਬ ਮੈਂ ਲਿਆ ਨਾ ਸਕਿਆ। ਆਖਰੀ ਵਾਰ ਉਹ ਸੋਮਵਾਰ ੨ ਜੁਲਾਈ ੧੯੭੩ ਵਾਲੇ ਦਿਨ ਮਿਲੇ, ਤਾਂ ਮੈਂ ਬੜਾ ਸ਼ਰਮਿੰਦਾ ਹੋਇਆ। ਮੈਂ ਰੁਮਾਲ ਨੂੰ ਗੰਢ ਮਾਰ ਲਈ।

ਦੂਜੇ ਦਿਨ ਵੀ ਮੈਨੂੰ ਯਾਦ ਨਾ ਰਿਹਾ। ਮੰਗਲ, ਬੁੱਧ, ਵੀਰ, ਤਿੰਨ ਦਿਨ ਹੋਰ ਨਿਕਲ ਗਏ। ਅੱਜ ਸਵੇਰ ਸਾਰ ਮੇਰੇ ਮਿੱਤਰ ਨੇ ਸ਼ੋਕਮਈ ਖਬਰ ਸੁਣਾਈ ਕਿ ਕਲ੍ਹ ੮ ਜੁਲਾਈ ੧੯੭੩ ਨੂੰ ਦੁਪਹਿਰੀਂ ਦੋ ਵਜੇ ਮਹਾਨ ਸੇਨਾਨੀ ਸੁਖਦੇਵ ਰਾਜ ਜੀ ਸਾਥੋਂ ਸਦਾ ਲਈ ਵਿਛੜ ਗਏ ਹਨ।

ਇਹ ਖਬਰ ਸੁਣ ਮੇਰਾ ਦਿਲ ਬੈਠ ਗਿਆ ਕਿ ਸਵਾਮੀ ਜੀ ਮੈਨੂੰ ਬਿਨਾਂ ਮਿਲਿਆਂ ਹੀ ਛੱਡ ਕੇ ਤੁਰ ਗਏ। ਹੇ ਰਾਮ! ਇਹ ਕੀ ਅਨਰਥ ਹੋ ਗਿਆ?

ਸਾਡੀ ਕਿੰਨੀ ਬਦਕਿਸਮਤੀ ਹੈ ਕਿ ਇੰਨਾ ਵੱਡਾ ਦੇਸ਼ ਭਗਤ, ਜੋ ਸਾਰੀ ਉਮਰ ਦੇਸ਼ ਦੀ ਆਜ਼ਾਦੀ ਲਈ ਲੜਦਾ ਰਿਹਾ, ਉਸਦੀ ਸ਼ਹਾਦਤ ਮਗਰੋਂ ਇਡੇ ਵੱਡੇ ਕਸਬੇ ਦੁਰਗ ਵਿਚੋਂ ਉਂਗਲਾਂ ਤੇ ਗਿਣੇ ਜਾਣ ਜੋਗੇ ਬੰਦੇ, ਉਸਦੀ ਅਰਥੀ ਦੇ ਜਲੂਸ ਸਮੇਂ ਸ਼ਾਮਿਲ ਸਨ। ਹਾਏ! ਅੱਜ ਇਡਾ-ਵੱਡਾ ਦੇਸ਼ ਭਗਤ ਜ਼ਿੰਦਗੀ ਦਾ ਆਖਰੀ ਸਫਰ ਤੈਅ ਕਰ ਰਿਹਾ ਸੀ।"

ਹੇ ਰਾਮ! ਤੇਰੀ ਇਹ ਕੈਸੀ ਅਜੀਬ ਲੀਲ੍ਹਾ ਹੈ। ਅੱਜ



Sri Satguru Jagjit Singh Ji eLibrary NamdhariElibrary@gmail.com

ਭਗਤ ਸਿੰਘ ਤੇ ਚੰਦਰ ਸ਼ੇਖਰ ਆਜ਼ਾਦ ਦੇ ਸਾਥੀ ਦੀ ਵਿਦਾਇਗੀ ਸਮੇਂ ਗਿਣਤੀ ਦੇ ਬੰਦਿਆਂ ਦੀਆਂ ਅੱਖਾਂ ਚੋਂ ਵੀ ਆਂਸੂ ਨਹੀਂ ਸਨ ਨਿਕਲ ਰਹੇ। ਕੋਈ ਵਿਅਕਤੀ ਵੀ ਭਗਤ ਸਿੰਘ ਦਾ ਇਨਕਲਾਬੀ ਨਾਹਰਾ "ਇਨਕਲਾਬ ਜ਼ਿੰਦਾਬਾਦ", ਭਾਰਤ ਮਾਤਾ ਦੀ ਜੈ" ਜਾਂ ਸੁਭਾਸ਼ ਚੰਦਰ ਬੋਸ ਦਾ ਜੰਗੀ ਨਾਹਰਾ "ਜੈ ਹਿੰਦ" ਲਾਉਣ ਵਾਲਾ ਮੌਜੂਦ ਨਹੀਂ ਸੀ। ਕੁਦਰਤ ਦਾ ਇਹ ਕਿੰਨਾ ਵੱਡਾ ਮਜ਼ਾਕ ਹੈ ਕਿ ਚਾਲੀ ਕਰੋੜ ਆਬਾਦੀ ਵਾਲੇ ਦੇਸ਼ ਦੀ ਆਜ਼ਾਦੀ ਲਈ ਲੜਨ ਵਾਲੇ ਬਹਾਦਰ ਸੁਖਦੇਵ ਰਾਜ ਦੇ ਜਲੂਸ ਵਿਚ ਸਿਰਫ਼ ਚਾਲੀ ਬੰਦੇ ਹੀ ਸ਼ਾਮਲ ਸਨ।

ਸਵਾਮੀ ਦੇਸ਼ ਭਗਤ ਦੀ ਅਰਥੀ ਦਾ ਇਹ ਕਾਫ਼ਿਲਾ ਟੁਰਦਾ ਜਾ ਰਿਹਾ ਸੀ। ਸਾਰਾ ਬਜ਼ਾਰ ਖੁਲ੍ਹਾ ਸੀ। ਦੁਕਾਨਾਂ ਵਿਚ ਖਰੀਦੋ-ਫਰੋਖਤ ਹੋ ਰਹੀ ਸੀ। ਕੁਝ ਲੋਕ ਭਗਤ ਸਿੰਘ, ਚੰਦਰ ਸ਼ੇਖਰ ਆਜ਼ਾਦ ਤੇ ਸੁਖਦੇਵ ਰਾਜ ਦੀ ਜੈ ਦੇ ਨਾਹਰੇ ਇੰਨੀ ਹੋਲੀ ਆਵਾਜ਼ ਵਿਚ ਲਗਾ ਰਹੇ ਸਨ ਕਿ ਲੋਕਾਂ ਦੇ ਹੋਂਠ ਖੁਲ੍ਹਦੇ ਸਨ, ਪਰ ਮੂੰਹ ਚੋਂ ਆਵਾਜ਼ ਬਾਹਰ ਨਿਕਲ ਨਹੀਂ ਰਹੀ ਸੀ।

ਮੈਨੂੰ ਪੰਜਾਬੀ ਦੇ ਸ਼ਾਇਰ ਪ੍ਰਕਾਸ਼ ਸਾਥੀ ਦੇ ਬੋਲ ਯਾਦ ਆ ਗਏ—

ਚਲਣਗੇ ਮੇਰੇ ਨਾਲ ਦੁਸ਼ਮਣ ਵੀ ਮੇਰੇ
ਇਹ ਵੱਖਰੀ ਏ ਗੱਲ,
ਮੁਸਕਰਾ ਕੇ ਚਲਣਗੇ।

ਸਵਾਮੀ ਸੁਖਦੇਵ ਰਾਜ ਦੇ ਵਿਰੋਧੀ ਜੋ ਉਸਨੂੰ ਬੇਕਾਰ, ਜਹਾ-ਗਰਦ ਤੇ ਅੰਗਰੇਜ਼ਾਂ ਦਾ ਸਖਤ ਦੁਸ਼ਮਣ ਸਮਝਦੇ ਸਨ, ਉਹ ਉਸਦੀ ਅਰਥੀ ਨੂੰ ਵੇਖ ਕੇ ਮਜ਼ਾਕ ਕਰਦੇ ਹੋਣਗੇ, ਪਰ ਸੱਚੀ ਗੱਲ ਤਾਂ ਇਹ ਹੈ ਕਿ ਇਸ ਕਾਫ਼ਿਲੇ ਵਿਚ ਸ਼ਾਮਿਲ ਉਹਨਾਂ ਦੇ ਮਿੱਤਰਾਂ ਦੀਆਂ ਅੱਖਾਂ ਵਿਚ ਵੀ ਆਂਸੂ ਨਹੀਂ ਸਨ ਵਿਖਾਈ ਦੇਂਦੇ।

ਦੂਰਦਰਸ਼ਨ ਨੇ ਕਿੰਨਾਂ ਮਜ਼ਾਕ ਕੀਤਾ ਕਿ ਰਾਤ ੮.੪੫ ਦੀਆਂ ਹਿੰਦੀ ਖਬਰਾਂ ਵਿਚ ਸਿਰਫ ਇਹ ਦਸਿਆ ਕਿ "ਦੇਸ਼ ਭਗਤ ਸੁਖਦੇਵ ਰਾਜ ਦੀ ਮੌਤ ਹੋ ਗਈ ਹੈ।"

ਦੂਰਦਰਸ਼ਨ ਨੇ ਇਹ ਵੀ ਦਸਣਾ ਠੀਕ ਨਹੀਂ ਸਮਝਿਆ ਕਿ ਅੰਗਰੇਜ਼ੀ ਖਬਰਾਂ ਵਿਚ ਵੀ ਇਹ ਸੂਚਨਾ ਦੇ ਦਿਤੀ ਜਾਵੇ।

ਹੈਰਾਨੀ ਦੀ ਗੱਲ ਹੈ ਕਿ ਸਵਾਮੀ ਆਪਣੇ ਪਰਵਾਰ ਨਾਲ ਨਹੀਂ ਸਨ ਰਹਿੰਦੇ। ਅੰਤ ਸਮੇਂ ਤੀਕ ਉਹ ਸ੍ਰੀਮਤੀ ਸਰੋਜਨੀ ਨਾਇਕਰ ਕੋਲ ਰਹਿੰਦੇ ਸਨ। ਉਸ ਦੇ ਬੇਟੇ ਰਾਜ ਵਰਮਾ ਨੂੰ ਉਹ ਬੜਾ ਪਿਆਰ ਕਰਦੇ ਸਨ। ਉਹਨੂੰ ਉਹਨਾਂ ਨੇ ਆਪਣਾ ਬੇਟਾ ਹੀ ਬਣਾਇਆ ਹੋਇਆ ਸੀ। ਉਹ ਸਦਾ ਇਕਾਂਤ ਵਿਚ ਰਹਿਣਾ ਪਸੰਦ ਕਰਦੇ ਤੇ ਸਾਦਾ ਜੀਵਨ ਗੁਜ਼ਾਰਿਆ ਕਰਦੇ ਸਨ।

ਉਸਦਾ ਕਾਰਨ ਇਹ ਸੀ ਕਿ ਪਰੰਪਰਾ ਤੋਂ ਉਹਨਾਂ ਦੇ ਖ਼ਾਨਦਾਨ ਵਿਚ ਮਰਦਾਂ ਨੂੰ ਆਪਣੇ ਪਰਵਾਰ ਨਾਲ ਮੋਹ ਨਹੀਂ ਸੀ ਰਿਹਾ। ਉਹਨਾਂ ਦੀ ਪੁਸਤਕ "ਜਬ ਜਯੋਤੀ ਜਗੀ" ਵਿਚ ਉਹਨਾਂ ਇਸ ਸੁਆਲ ਦਾ ਜਵਾਬ ਬਖੂਬੀ ਦਿੱਤਾ। ਉਹ ਲਿਖਦੇ ਹਨ : "ਲਗਦੇ ਕਿ ਸਾਡੇ ਪਰਵਾਰ ਵਿਚ ਪੁਰਸ਼ਾਂ ਨੂੰ ਘਰ ਦਾ ਮੋਹ ਕਦੀ ਵੀ ਨਹੀਂ ਰਿਹਾ। ਮੇਰੇ ਪਿਤਾ ਜੀ ਦੇ ਇਕ ਭਰਾ ਮਨੀ ਰਾਮ, ਦਸ ਜਾਂ ਬਾਰਾਂ ਸਾਲ ਦੀ ਉਮਰ ਵਿਚ ਹੀ ਘਰੋਂ ਨੱਠ ਗਏ ਸਨ। ਉਹਨਾਂ ਦੀ ਮੌਤ ਕਲਕੱਤੇ ਹੋਈ ਸੀ ਤੇ ਮੇਰੇ ਪਿਤਾ ਜੀ ਦੇ ਦੋ ਛੋਟੇ ਭਰਾ ਵੀ ਵਿਦੇਸ਼ ਵਿਚ ਮਰੇ। ਮੇਰੇ ਜੀਵਨ ਵਿਚ ਅਸਥਿਰਤਾ ਦਾ ਕਾਰਨ ਖ਼ਾਨਦਾਨੀ ਅਸਰ ਹੀ ਸੀ।" ਇਸ ਲਈ ਉਹ ਆਪਣੇ ਪਰਵਾਰ ਦੇ ਮੋਹ ਵਿਚ ਨਹੀਂ ਸਨ ਫਸੇ। ਉਹ ਆਜ਼ਾਦੀ ਨਾਲ ਜੀਵਨ ਬਿਤਾਣ ਦੇ ਆਦੀ ਸਨ।

ਦੇਸ਼ ਭਗਤ ਸੁਖਦੇਵ ਰਾਜ ਦੀ ਅਰਥੀ ਨੂੰ ਮਸਾਣ ਘਾਟ ਵਿਚ ਟਿਕਾ ਦਿਤਾ ਗਿਆ। ਛੋਟੀਆਂ ਤੇ ਮੋਟੀਆਂ ਲੱਕੜਾਂ ਵਿਛਾ ਦਿਤੀਆਂ ਗਈਆਂ। ਅੱਜ ਲੱਕੜਾਂ ਵੀ ਗਿੱਲੀਆਂ ਹੀ ਜਾਪਦੀਆਂ ਸਨ। ਸ਼ਾਇਦ ਪਿਛਲੇ ਦਿਨੀਂ ਬਾਰਸ਼ਾਂ ਕਾਰਨ ਉਹ ਗਿੱਲੀਆਂ ਹੋ ਗਈਆਂ ਸਨ।

ਬੜੀ ਮੁਸ਼ਕਲ ਨਾਲ ਚਿਤਾ ਤਿਆਰ ਹੋਈ। ਉਹਨਾਂ ਦੇ ਦਾਹ-ਸੰਸਕਾਰ ਸਮੇਂ ਸ੍ਰੀਮਤੀ ਸਰੋਜਨੀ ਨਾਇਕਰ ਤੇ ਉਹਨਾਂ ਦੇ ਮੂੰਹ ਬੋਲੇ ਬੇਟੇ ਰਾਜ ਵਰਮਾ ਨੇ ਚਿਤਾ ਨੂੰ ਅੱਗ ਲਗਾਈ। ਅੱਗ ਦੀਆਂ ਲਾਟਾਂ ਆਕਾਸ਼ ਨੂੰ ਛੂਹ ਰਹੀਆਂ ਸਨ ਤੇ ਹਾਜ਼ਿਰ ਸੱਜਣਾਂ ਨੂੰ ਯਾਦ ਦਿਲਾ ਰਹੀਆਂ ਸਨ ਕਿ ਇਹ ਕੋਈ ਸਾਧਾਰਨ ਬੰਦਾ ਨਹੀਂ, ਸਗੋਂ ਇਹ ਸ਼ਹੀਦੇ ਆਜ਼ਮ ਭਗਤ ਸਿੰਘ ਤੇ ਚੰਦਰ ਸ਼ੇਖਰ ਆਜ਼ਾਦ ਦੇ ਸਾਥੀਆਂ ਚੋਂ ਆਜ਼ਾਦੀ ਦਾ ਪ੍ਰਵਾਨਾ ਸੁਖਦੇਵ ਰਾਜ ਸੀ।

ਹੈਰਾਨੀ ਦੀ ਗੱਲ, ਜਦੋਂ ਦੇਸ਼ ਆਜ਼ਾਦ ਹੋਇਆ ਤਾਂ ਸੁਖਦੇਵ ਰਾਜ ਦਿੱਲੀ ਦੇ ਕਈ ਦਫਤਰਾਂ ਵਿਚ ਕਈ ਸਾਲ



Sri Satguru Jagjit Singh Ji eLibrary NamdhariElibrary@gmail.com

ਭਟਕਦਾ ਰਿਹਾ। ਇਸੇ ਸਬੰਧ ਵਿਚ ਉਹ ਜਦੋਂ ਦਿੱਲੀ ਪੁਜਿਆ, ਤਾਂ ਗਿਆਨੀ ਗੁਰਮੁਖ ਸਿੰਘ ਮੁਸਾਫ਼ਿਰ ਉਸਨੂੰ ਮਿਲੇ। ਉਦੋਂ ਸੁਖਦੇਵ ਬੀਮਾਰ ਸੀ। ਉਸਦਾ ਆਪਰੇਸ਼ਨ ਮੁਸਾਫ਼ਿਰ ਜੀ ਨੇ ਕਰਵਾਇਆ। ਨਾਲ ਹੀ ਉਨ੍ਹਾਂ ਨੇ ਸਵਤੰਤ੍ਰਤਾ ਸੰਗਰਾਮੀ ਹੋਣ ਦੇ ਨਾਤੇ ਉਹਨਾਂ ਦੀ ਪੈਨਸ਼ਨ ਮਨਜ਼ੂਰ ਕਰਵਾਈ। ਕਈ ਮਹੀਨਿਆਂ ਮਗਰੋਂ ਉਸਦੀ ਪੈਨਸ਼ਨ ਫਾਈਲ ਧੱਕੇ ਧੋੜੇ ਖਾਂਦੀ ਦੁਰਗ ਦੇ ਕੁਲੈਕਟਰ ਦੇ ਦਫਤਰ ਜਾ ਪੁੱਜੀ। ਜਦੋਂ ਪੈਨਸ਼ਨ ਲੈਣ ਦਾ ਸਮਾਂ ਆਇਆ ਤਾਂ ਉਹ ਬਿਨਾਂ ਪੈਨਸ਼ਨ ਪ੍ਰਾਪਤ ਕੀਤੇ ਰੱਬ ਨੂੰ ਪਿਆਰੇ ਹੋ ਗਏ।

ਕੁਦਰਤ ਦਾ ਕਿੰਨਾ ਵਡਾ ਮਜ਼ਾਕ ਹੈ ਕਿ ਇੰਨਾਂ ਵਡਾ ਦੇਸ਼ ਭਗਤ, ਬਿਨਾਂ ਪੈਨਸ਼ਨ ਪ੍ਰਾਪਤ ਕੀਤੇ ਹੀ ਮੌਤ ਦੇ ਮੂੰਹ ਵਿਚ ਜਾ ਪਿਆ ਤੇ ਅੱਜ ਭਾਰਤ ਦੇ ਕਿਸੇ ਵਡੇ ਨੇਤਾ ਨੂੰ ਵੀ ਯਾਦ ਨਹੀਂ ਕਿ ਦੇਸ਼ ਭਗਤ ਸੁਖਦੇਵ ਰਾਜ, ਜਿਸਨੇ ਆਪਣੀ ਸਾਰੀ ਜ਼ਿੰਦਗੀ ਦੇਸ਼ ਦੀ ਆਜ਼ਾਦੀ ਲਈ ਕੁਰਬਾਨ ਕਰ ਦਿਤੀ, ਉਸਦਾ ਨਾਮ ਲੈਣ ਵਾਲਾ ਕੋਈ ਨਹੀਂ ਜਿਸ ਦੀਆਂ ਅੱਖਾਂ ਵਿਚੋਂ ਦੋ ਚਾਰ ਅੱਥਰੂ ਡਿਗੇ ਹੋਣ। ਅੱਜ ਅਸੀਂ ਉਸ ਗੁੰਮਨਾਮ ਦੇਸ਼ ਭਗਤ ਨੂੰ ਪ੍ਰਣਾਮ ਕਰਦੇ ਹਾਂ, ਜਿਸਨੇ ਆਪਣੀ ਸਾਰੀ ਜ਼ਿੰਦਗੀ ਗੁੰਮਨਾਮੀ ਦੀ ਹਾਲਤ ਵਿਚ ਬਿਤਾਈ ਤੇ ਬੁੱਢੀ ਉਮਰ ਤੀਕ ਸੇਵਾ ਵਿਚ ਜੁਟਿਆ ਰਿਹਾ। ਉਸ ਮਹਾਨ ਦੇਸ਼ ਭਗਤ ਸੁਖਦੇਵ ਰਾਜ ਨੂੰ ਅਸੀਂ ਪਰਨਾਮ ਕਰਦੇ ਹਾਂ। ਦੇਸ਼ ਭਗਤ ਸੁਖਦੇਵ ਰਾਜ ਅਮਰ ਰਹੇ।

੮੦/੧੪-ਬੀ, ਮਾਲਵੀਆ ਨਗਰ, ਦਿੱਲੀ-੧੭

## ਵਰ ਦੀ ਲੋੜ

ਮੇਰੇ ਇਕ ਸਫਲ ਸਨਅਤਕਾਰ ਦੋਸਤ ਦੀ ਲੜਕੀ ਵਾਸਤੇ ਵੈਸ਼ਨੂੰ ਵਰ ਦੀ ਲੋੜ ਹੈ। ਲੜਕੀ (ਰੰਧਾਵਾ ਜੱਟ), ਉਮਰ ੨੨ ਸਾਲ, ਕੱਦ ੫ ਫੁਟ ੬ ਇੰਚ, ਬੀ. ਏ. ਪਾਸ, ਘਰ ਦੇ ਕੰਮ-ਕਾਜ ਵਿਚ ਤਾਕ, ਸੁੱਘੜ ਤੇ ਸੁਨੱਖੀ। ਅੰਮ੍ਰਿਤਸਰ ਗੁਰਦਾਸਪੁਰ ਰਹਿਣ ਵਾਲੇ ਨੂੰ ਤਰਜੀਹ ਦਿੱਤੀ ਜਾਵੇਗੀ।

ਪਤਾ :
ਤਰਲੋਕ ਮਨਸੂਰ
੧੬੦, ਫੈਕਟਰੀ ਏਰੀਆ,
ਗੋਇੰਦਵਾਲ ਸਾਹਿਬ—੧੪੩੪੨੩
ਫੋਨ : ੦੧੮੫੯-੨੨੩੧੮

## ਗ਼ਜ਼ਲ

—ਕਰਤਾਰ ਸਿੰਘ ਕਾਲੜਾ

ਉਪਜੀ ਹੈ ਤਾਂਘ ਦਿਲ 'ਚ ਜੋ ਪਿਆਰੇ ਨੂੰ ਰੱਜ ਮਿਲੇ।
ਬਸ ਹੁਣ ਮਿਲੇ, ਹੁਣ ਮਿਲੇ, ਪਲ ਭਰ 'ਚ ਅੱਜ ਮਿਲੇ।

ਮਾਸ਼ੂਕ ਅਰਧ-ਨਗਨ ਤੇ ਆਸ਼ਿਕ ਲਿਬਾਸ ਹੀਣ,
ਪੱਛਮ ਦੀ ਸਭਿਅਤਾ ਦੇ ਰੰਗ ਹੋ ਕੇ ਨਿਲੱਜ ਮਿਲੇ।

ਬਸਤਰ ਕੁਚੀਲ, ਮੁਰਦਨੀ ਮੂੰਹ 'ਤੇ, ਉਦਾਸ ਮਨ,
ਪਿਆਰੇ ਨੂੰ ਕੋਈ ਕਿਸ ਤਰ੍ਹਾਂ ਇਸ ਹਾਲ ਰੱਜ ਮਿਲੇ।

ਭਗਤੀ ਦੇ ਰੰਗ ਰੱਤਿਆ, ਆਸ਼ਿਕ ਮਹਿਬੂਬ ਨੂੰ,
ਲਿਵ ਜੋੜ, ਨੈਣ ਮੁੰਦ ਕੇ, ਪਾ ਪਾ ਕੇ ਪੱਜ ਮਿਲੇ।

ਮੁੱਦਤਾਂ ਦੀ ਤਾਂਘ ਸੀ ਮਗਰ ਹੋਏ ਜਦੋਂ ਹਜ਼ੂਰ,
ਮਨ ਤ੍ਰਿਪਤ ਚਰਨ ਪਰਸ ਕੇ, ਘੁਟ ਘੁਟ ਕੇ ਰੱਜ ਮਿਲੇ।

ਮਿਲਦਾ ਹੈ ਉਹ ਤਿਆਗ ਕੇ ਮੰਦਿਰ ਤੇ ਮਸਜਿਦਾਂ,
ਅੰਦਰ ਦੇ ਬਾਰ ਖੋਲ੍ਹ, ਫਿਰ ਚਿਹਰੇ ਨੂੰ ਕੱਜ ਮਿਲੇ।
ਮਿਲਦਾ ਤਾਂ ਹੈ ਜ਼ਰੂਰ ਪਰ "ਕਰਤਾਰ" ਸਮਝ ਲੈ,
ਮਨ ਮਾਰਿਆਂ ਮਿਲੇ ਜਾਂ ਫਿਰ ਹਉਮੈ ਨੂੰ ਤੱਜ ਮਿਲੇ।

---

* ਪਹਾੜਾਂ ਵਿਚ ਕਿਸੇ ਵਿਆਹ ਉਤੇ ਪੁਜ ਕੇ ਪਰਬਤ-ਵਾਸੀ ਆਪਣੇ ਤੋਂ ਪਹਿਲਾਂ ਆਏ ਲੋਕਾਂ ਨੂੰ ਪੁਛਦਾ ਹੈ :
"ਤੁਸੀਂ ਕਾਫੀ ਹੋਵੋਗੇ ਕਿ ਮੈਂ ਵੀ ਆ ਜਾਵਾਂ ?"
ਜਿਸਦਾ ਜਵਾਬ ਦੂਜੇ ਪ੍ਰਾਹੁਣੇ ਇਹ ਦੇਂਦੇ ਹਨ :
"ਆ ਜਾ, ਜੇ ਤੂੰ ਸੱਚਮੁਚ ਆਪ ਹੈਂ।"

......

ਮੈਂ ਐਸੇ ਬੰਦਿਆਂ ਨੂੰ ਜਾਣਦਾ ਹਾਂ ਜਿਹੜੇ, ਜਦੋਂ ਆਪਣੇ ਘਰ ਵਿਚ ਆਪਣੇ ਪਰਿਵਾਰਾਂ ਨਾਲ, ਆਪਣੀ ਪਤਨੀ ਤੇ ਬੱਚਿਆਂ ਨਾਲ ਜਾਂ ਦੋਸਤਾਂ ਨਾਲ ਹੁੰਦੇ ਹਨ ਤਾਂ ਬਿਲਕੁਲ ਠੀਕ-ਠਾਕ ਹੁੰਦੇ ਹਨ। ਪਰ ਉਹਨਾਂ ਦੇ ਦਫਤਰ ਵਿਚ ਬੈਠਿਆਂ ਉਹਨਾਂ ਨੂੰ ਦੇਖੋ—ਕਿੰਨੇ ਖੁਸ਼ਕ, ਕੁਰਖਤ, ਸਗੋਂ ਕਮੀਨੇ ਵੀ ਉਹ ਹੋ ਸਕਦੇ ਹਨ। ਉਹ ਉਹੀ ਬੰਦੇ ਨਹੀਂ ਲਗਦੇ। ਹਰ ਨਵੀਂ ਤਰੱਕੀ ਨਾਲ, ਹਰ ਨਵੇਂ ਤੇ ਉਚੇਰੇ ਅਹੁਦੇ ਨਾਲ ਉਨ੍ਹਾਂ ਦਾ ਸੁਭਾਅ ਵਰਤ ਵਿਹਾਰ ਤੇ ਚਿਹਰੇ ਬਦਲ ਜਾਂਦੇ ਹਨ।

— ਰਸੂਲ ਹਮਜ਼ਾਤੋਵ



Sri Satguru Jagjit Singh Ji eLibrary NamdhariElibrary@gmail.com

ਯਾਤਰਾ ਅਮਰੀਕਾ ਦੀ

# ਪਰਦੇਸੀ ਪੰਜਾਬ

—ਵਰਿਆਮ ਸਿੰਘ ਸੰਧੂ

## ਮਿਲਵਾਕੀ ਪਬਲਿਕ ਮਿਊਜ਼ੀਅਮ

ਚੌਵ੍ਹੀ ਘੰਟੇ ਦਾ ਉਨੀਂਦਰਾ ਅਤੇ ਥਕਾਵਟ ਹੋਣ ਦੇ ਬਾਵਜੂਦ ਹਰਭਜਨ ਸਿੰਘ ਉੱਡਿਆ ਫਿਰਦਾ ਸੀ। ਉਹ ਸਾਡੀ ਸੇਵਾ ਵਿਚ ਕਿਸੇ ਤਰ੍ਹਾਂ ਦੀ ਕਸਰ ਨਹੀਂ ਸੀ ਰਹਿਣ ਦੇਣਾ ਚਾਹੁੰਦਾ। ਉਸਨੇ ਦੱਸਿਆ ਕਿ ਮਿਲਵਾਕੀ ਦਾ ਪਬਲਿਕ ਮਿਊਜ਼ੀਅਮ ਵੇਖਣ-ਯੋਗ ਥਾਂ ਹੈ ਪਰ ਇਸ ਤੋਂ ਪਹਿਲਾਂ ਉਸਨੇ ਸਾਨੂੰ 'ਢਿੱਡ ਦਾ ਰੱਜ' ਕਰਨ ਲਈ ਮਨਾ ਲਿਆ ਤੇ ਇਕ ਰੈਸਟੋਰੈਂਟ ਵਿਚ ਲੈ ਵੜਿਆ। ਸਾਫ਼ ਲਿਸ਼ ਲਿਸ਼ ਕਰਦੇ ਮੇਜ਼। ਕਿਧਰੇ ਵੀ ਕਿਸੇ ਕਿਸਮ ਦੀ ਜੂਠ ਨਹੀਂ ਸੀ ਖਿਲਰੀ ਹੋਈ। ਲਾਈਨ ਵਿਚ ਖਲੋ ਕੇ ਕਾਊਂਟਰ ਤੋਂ ਆਪਣੇ ਹਿੱਸੇ ਦਾ ਚਾਹ-ਠੰਢਾ ਅਤੇ ਪੀਜ਼ੇ ਲਏ ਅਤੇ ਆਪਣੀ ਮੇਜ਼ ਮੱਲ ਕੇ ਬੈਠ ਗਏ। ਬਹੁਤੇ ਥਾਵਾਂ ਤੇ ਆਪ ਹੀ ਆਪਣਾ ਸਮਾਨ ਪਾ-ਪੁਆ ਕੇ ਲਿਆਉਣਾ ਪੈਂਦਾ ਹੈ ਫਿਰ ਆਪਣੀ ਥਾਂ 'ਤੇ ਮੇਜ਼ ਉੱਪਰ ਬੈਠ ਕੇ, ਖਾ ਪੀ ਕੇ ਆਪ ਹੀ ਆਪਣਾ ਮੇਜ਼ ਸਾਫ਼ ਕਰਕੇ ਵਰਤੀਆਂ ਗਈਆਂ ਚੀਜ਼ਾਂ ਕੂੜੇ-ਦਾਨ ਵਿਚ ਸੁੱਟਣੀਆਂ ਪੈਂਦੀਆਂ ਹਨ। ਪਹਿਲਾਂ ਪਹਿਲਾਂ ਤਾਂ ਇੰਜ ਸਾਰਾ ਕੁਝ ਖ਼ਰੀਦਣਾ, ਖਾਣਾ ਅਤੇ ਥਾਂ ਸਾਫ਼ ਕਰਨਾ ਓਪਰਾ ਲੱਗਾ ਪਰ ਹੌਲੀ ਹੌਲੀ ਸਾਨੂੰ ਵੀ ਆਦਤ ਪੈ ਗਈ। ਮੈਂ ਤਾਂ ਇਸ ਪੱਖੋਂ ਕੁਝ ਵਧੇਰੇ ਹੀ ਸੁਚੇਤ ਹੋ ਗਿਆ। ਮੈਂ ਨਹੀਂ ਸਾਂ ਚਾਹੁੰਦਾ ਕਿ ਕੋਈ ਅਮਰੀਕਨ ਮੇਰੇ ਮੇਜ਼ ਉੱਤੇ ਗੰਦਗੀ ਖਿਲਰੀ ਵੇਖ ਕੇ ਮੈਨੂੰ ਹਿਕਾਰਤ ਨਾਲ ਵੇਖੇ।

ਕਈ ਮੰਜ਼ਿਲਾਂ ਵਿਚ ਛੱਤੇ ਗਏ ਪਾਰਕਿੰਗ ਸਥਲ 'ਤੇ, ਜਿਸ ਵਿਚ ਹਜ਼ਾਰਾਂ ਦੀ ਗਿਣਤੀ ਵਿਚ ਕਾਰਾਂ ਪਾਰਕ ਕੀਤੀਆਂ ਜਾ ਸਕਦੀਆਂ ਹਨ, ਅਸੀਂ ਕਾਰ ਪਾਰਕ ਕੀਤੀ। ਹਰਭਜਨ ਸਿੰਘ ਮਿਊਜ਼ੀਅਮ ਦਾ ਚੱਕਰ ਲਾਉਣ ਲਈ ਟਿਕਟਾਂ ਖਰੀਦ ਲਿਆਇਆ। ਟਿਕਟ ਦੀ ਕੀਮਤ ਪ੍ਰਤੀ ਵਿਅਕਤੀ ਪੰਜ ਡਾਲਰ ਸੀ।

ਇਸ ਮਿਊਜ਼ੀਅਮ ਵਿਚ ਪਹੁੰਚ ਕੇ ਲੱਗਦਾ ਸੀ ਜਿਵੇਂ ਅਸੀਂ ਇਕ ਵੱਖਰੀ ਦੁਨੀਆਂ ਵਿਚ ਪਹੁੰਚ ਗਏ ਹੋਈਏ। ਮਿਊਜ਼ੀਅਮ ਵਿਚ ਰੱਖੀਆਂ ਵਸਤੂਆਂ ਅਤੇ ਵਿਖਾਏ ਜਾਂਦੇ ਪ੍ਰੋਗਰਾਮਾਂ ਰਾਹੀਂ ਅਮਰੀਕਾ ਦੀ ਸਭਿਆਚਾਰਕ ਅਮੀਰੀ, ਵੰਨ-ਸੁਵੰਨੀ ਵੱਖਰਤਾ ਨੂੰ ਪੇਸ਼ ਕੀਤਾ ਗਿਆ ਸੀ। ਲਗ ਪਗ ੬ ਮਿਲੀਅਨ ਵੇਖਣ ਤੇ ਮਾਨਣ-ਯੋਗ ਵਸਤਾਂ ਏਥੇ ਨਮੂਨੇ ਵਜੋਂ ਰੱਖੀਆਂ ਗਈਆਂ ਸਨ। ਗਰਾਊਂਡ ਫਲੋਰ ਤੇ 'ਜੁਗਿਆਸਾ ਖੇਤਰ' ਸੀ। ਹੱਥ ਲਾ ਕੇ ਛੂਹਣ ਅਤੇ ਪਛਾਨਣ ਲਈ ਇਥੇ ਪਥਰਾਟਾਂ, ਖੰਭਾਂ, ਘੋਗਿਆਂ, ਕੀੜਿਆਂ, ਸਿੱਕਿਆਂ ਅਤੇ ਟਿਕਟਾਂ ਦਾ ਇਕ ਪੂਰੇ ਦਾ ਪੂਰਾ ਸੰਸਾਰ ਵੇਖਣ ਵਾਲਿਆਂ ਨੂੰ ਉਕਸਾ ਰਿਹਾ ਸੀ।

ਪਹਿਲੀ ਮੰਜ਼ਿਲ 'ਤੇ ਪਹੁੰਚਦਿਆਂ ਇੰਜ ਮਹਿਸੂਸ ਹੋਇਆ ਜਿਵੇਂ ਅਸੀਂ ਸੌ ਸਾਲ ਪੁਰਾਣੇ ਮਿਲਵਾਕੀ ਸ਼ਹਿਰ ਵਿਚ ਪਹੁੰਚ ਗਏ ਹੋਈਏ। ਮੱਧਮ ਜਿਹਾ ਹਨੇਰਾ ਸੀ। ਪੱਥਰ ਜੋੜ ਜੋੜ ਕੇ ਬਣਾਈਆਂ ਗਲੀਆਂ; ਗਲੀਆਂ ਦੇ ਆਸੇ ਪਾਸੇ ਪੁਰਾਣੇ ਘਰ ਅਤੇ ਇਮਾਰਤਾਂ ਸਨ। ਅਸਲੀਅਤ ਦਾ ਭੁਲੇਖਾ ਪਾਉਣ ਲਈ ਇਥੇ ਵਰਤੀਆਂ ਗਈਆਂ ਬਹੁਤੀਆਂ ਵਸਤਾਂ ਅਸਲੀ ਅਤੇ ਮੌਲਿਕ ਸਨ। ਦਰਵਾਜ਼ੇ, ਖਿੜਕੀਆਂ, ਕਾਊਂਟਰ ਅਤੇ ਮਕਾਨਾਂ ਦੀਆਂ ਪੌੜੀਆਂ ੧੮੫੦ ਤੋਂ ੧੯੦੦ ਵਿਚ ਬਣੀਆਂ ਅਸਲੀ ਇਮਾਰਤਾਂ ਵਿਚੋਂ ਲੈ ਕੇ ਲਾਏ ਗਏ ਸਨ। ਭਾਵੇਂ ਕਿ ਗਲੀਆਂ ਵਿਚਲੀਆਂ ਇਮਾਰਤਾਂ ਅਸਲ ਇਮਾਰਤਾਂ ਨਾਲੋਂ ਆਕਾਰ ਵਿਚ ਤਿੰਨ ਚੌਥਾਈ ਸਨ ਪਰ ਫਿਰ ਵੀ ਇਹ ਅਹਿਸਾਸ ਹੁੰਦਾ ਸੀ ਕਿ ਅਸੀਂ ਕਿਸੇ ਹੋਰ ਸਦੀ ਵਿਚ ਮਿਲਵਾਕੀ ਸ਼ਹਿਰ ਵਿਚ ਘੁੰਮ ਰਹੇ ਸਾਂ। ਇਹਨਾਂ ਇਮਾਰਤਾਂ ਦੀਆਂ ਘਰ ਅੰਦਰ ਖੁੱਲ੍ਹਦੀਆਂ ਬਾਰੀਆਂ ਵਿਚੋਂ ਤਤਕਾਲੀਨ ਘਰਾਂ ਦਾ ਸਭਿਆਚਾਰ ਦਿਖਾਈ ਦਿੰਦਾ ਸੀ, ਉਹਨਾਂ ਦਾ ਫਰਨੀਚਰ, ਕੱਪੜੇ, ਰਸੋਈ ਦੀਆਂ ਵਸਤਾਂ, ਬਰਤਨ, ਬੋਤਲਾਂ, ਗਿਲਾਸ, ਗਹਿਣੇ ਤੇ ਕਈ ਕੁਝ ਹੋਰ।

ਥੋੜ੍ਹਾ ਅੱਗੇ ਹੋਏ ਤਾਂ ਉਨ੍ਹੀਵੀਂ ਸਦੀ ਦੇ ਯੂਰਪੀਅਨ ਪਿੰਡ ਵਿਚ ਪਹੁੰਚ ਗਏ। ਇਥੇ ਸਚ-ਮੁੱਚ ਦੀਆਂ ਸਜਾਈਆਂ ਗਈਆਂ ਦੁਕਾਨਾਂ ਅਤੇ ਘਰ ਸਨ। ਇਹ ਉਸ ਸਮੇਂ ਦੀ ਝਾਤ ਸੀ ਜਦੋਂ ੧੮੫੦ ਤੋਂ ੧੯੨੫ ਦੇ ਵਿਚਕਾਰਲੇ ਸਮੇਂ ਵਿਚ ਭਾਰੀ ਗਿਣਤੀ ਵਿਚ ਪਰਵਾਸੀ ਲੋਕ ਵਿਸਕਾਨਸਨ ਪ੍ਰਾਂਤ ਵਿਚ ਪੁੱਜੇ ਸਨ। ਉਹ ਆਪਣੇ ਨਾਲ ਆਪਣਾ ਸਭਿਆਚਾਰ ਅਤੇ ਜੀਵਨ-ਸ਼ੈਲੀ ਵੀ ਲੈ ਕੇ ਆਏ ਸਨ। ਇਸ ਪਿੰਡ ਦੀ ਯਾਤਰਾ ਕਰਦਿਆਂ ਹੋਇਆਂ ਹੀ ਅਸੀਂ ਤੇਤੀ ਦੇ ਲਗ ਪਗ ਵਿਭਿੰਨ ਸੰਸਕ੍ਰਿਤੀਆਂ ਨੂੰ ਪ੍ਰਗਟਾਉਂਦੇ ਛੋਟੇ ਛੋਟੇ ਘਰ ਵੇਖੇ। ਇਹਨਾਂ ਘਰਾਂ ਵਿਚ ਹਰੇਕ ਸੰਸਕ੍ਰਿਤੀ ਨੂੰ ਵੱਖਰੀ ਪਛਾਣ ਦੇਣ ਵਾਲੀਆਂ ਵਸਤਾਂ ਚਿੰਨ੍ਹ-ਰੂਪ ਵਿਚ ਹਾਜ਼ਰ ਸਨ। ਇਸ ਪਿੰਡ



Sri Satguru Jagjit Singh Ji eLibrary NamdhariElibrary@gmail.com

ਦੀ ਸੈਰ ਕਰਦਿਆਂ ਰਵਾਇਤੀ ਸਜਾਵਟ, ਸੁਹਜ ਅਤੇ ਸਰਗਰਮੀਆਂ ਦਾ ਅਨੁਭਵ ਹੋ ਰਿਹਾ ਸੀ।

ਥੋੜੇ ਜਿਹੇ ਅੱਗੇ ਗਏ ਤਾਂ ਸਾਨੂੰ ਇਕ ਵੱਖਰੀ ਤਰ੍ਹਾਂ ਦੀ ਅਸਚਰਜਤਾ ਦਾ ਅਹਿਸਾਸ ਹੋਇਆ। ਇਥੇ ਵਿਗਿਆਨ ਦੇ ਅਨੇਕ ਖੇਤਰਾਂ—ਜਿਵੇਂ ਮਾਨਵ-ਵਿਗਿਆਨ, ਬਨਸਪਤੀ ਵਿਗਿਆਨ, ਭੂ-ਵਿਗਿਆਨ, ਇਤਿਹਾਸ ਅਤੇ ਜੀਵ-ਵਿਗਿਆਨ ਦੇ ਲਗ ਪਗ ਇਕ ਹਜ਼ਾਰ ਨਮੂਨੇ ਵੇਖੇ ਜਾ ਸਕਦੇ ਸਨ। ਇਹਨਾਂ ਨਮੂਨਿਆਂ ਵਿਚ ਚੀਲ੍ਹ ਦੇ ਨਿਕਚੂ ਜਿਹੇ ਬੀਜ ਤੋਂ ਲੈ ਕੇ ਵੇਲ੍ਹ-ਮੱਛੀ ਦੇ ਛੱਤੀ ਫੁੱਟ ਲੰਬੇ ਪਿੰਜਰ ਵੇਖਣ ਨੂੰ ਪਏ ਸਨ।

ਇਸੇ ਹੀ ਛੱਤ ਉੱਪਰ ਅੱਗੇ ਇਕ ਨਵੀਂ ਦੁਨੀਆ ਸੀ—ਮੀਂਹ ਵਾਲੇ ਜੰਗਲਾਂ ਦੀ। ਇਥੇ ਚਮਕਦਾਰ, ਸ਼ੋਖ ਰੰਗਾਂ ਵਾਲੇ ਪੰਛੀਆਂ, ਬਣ-ਧਾਰੀ ਪ੍ਰਾਣੀਆਂ ਨੂੰ ਵੇਖਦਿਆਂ ਹੋਇਆਂ ਜਦੋਂ ਪਸ਼ੂਆਂ ਅਤੇ ਪੰਛੀਆਂ ਦੀਆਂ ਰੀਕਾਰਡ ਕੀਤੀਆਂ ਆਵਾਜ਼ਾਂ ਬੋਲਦੀਆਂ ਹਨ; ਚਿੜੀਆਂ ਚਹਿਕਦੀਆਂ ਹਨ, ਕਾਂ ਕੁਰਲਾਉਂਦੇ ਹਨ ਅਤੇ ਹੋਰ ਅਨੇਕਾਂ ਆਵਾਜ਼ਾਂ ਇਕ ਦੂਜੇ ਵਿਚ ਮਿਲਕੇ ਅਜਿਹਾ ਭਰਮ ਸਿਰਜਦੀਆਂ ਹਨ ਕਿ ਆਦਮੀ ਨੂੰ ਲੱਗਦਾ ਹੈ ਜਿਵੇਂ ਸਚਮੁੱਚ ਹੀ ਕਿਸੇ ਸੰਘਣੇ ਜੰਗਲ ਵਿਚ ਫਿਰ ਰਿਹਾ ਹੋਵੇ।

ਮਿਊਜ਼ੀਅਮ ਦੇ ਜ਼ਿਆਲੋਜੀ ਹਾਲ ਵਿਚ ਜਾ ਕੇ ਪਤਾ ਲੱਗਾ ਕਿ ਕਿਵੇਂ ਭੂ-ਵਿਗਿਆਨਕ ਤਬਦੀਲੀਆਂ ਸਦਕਾ ਧਰਤੀ ਉਤਲੀ ਜੀਵਨ-ਪਰਕਿਰਿਆ ਨੂੰ ਆਕਾਰ ਮਿਲਿਆ। ਏਥੇ ਹੀ ਦੁਨੀਆਂ ਦੇ ਸਭ ਤੋਂ ਵੱਡੇ ਡਾਇਨਾਸੋਰ ਦਾ ਖੋਪੜ ਪਿਆ ਸੀ।

ਅਸੀਂ ਪਿਛਲੇ ਦਿਨਾਂ ਵਿਚ ਦਿਨ-ਰਾਤ 'ਹਰਕਤ' ਵਿਚ ਰਹਿਣ ਕਰਕੇ ਕਾਫ਼ੀ ਥੱਕੇ ਹੋਏ ਸਾਂ। ਹੁਣ ਵੀ ਘੁੰਮਦੇ ਘੁੰਮਦੇ ਥੱਕ ਗਏ ਪਰ ਆਪ ਥੱਕਿਆ ਹੋਣ ਦੇ ਬਾਵਜੂਦ ਹਰਭਜਨ ਸਿੰਘ ਕਹਿਣ ਲੱਗਾ :

"ਥੱਕ ਗਏ ਹੋ ?...ਹਿੰਮਤ ਕਰੋ...ਉਪਰਲੀ ਮੰਜ਼ਿਲ 'ਤੇ ਇਕ ਹੋਰ 'ਨਵੀਂ ਦੁਨੀਆਂ' ਵੀ ਹੈ। ਉਥੇ ਆਪਣੇ ਪਿਆਰੇ ਭਾਰਤ ਦੀ ਸ਼ਕਲ ਸੂਰਤ ਵੀ ਤਾਂ ਵੇਖੋ।"

ਉਹਦੇ ਬੋਲਾਂ ਵਿਚ ਵਿਅੰਗ ਸੀ ਪਰ ਸਾਡੇ ਥੱਕੇ ਹੋਏ ਜਿਸਮਾਂ ਨੂੰ ਉਹਦੇ ਇਹਨਾਂ ਬੋਲਾਂ ਨੇ ਮੁੱਠੀਆਂ ਭਰ ਦਿੱਤੀਆਂ। ਸੋਚਿਆ, ਜਾ ਕੇ ਵੇਖੀਏ ਤਾਂ ਸਹੀ ਅਮਰੀਕਨਾਂ ਦੀ ਨਜ਼ਰ ਵਿਚ ਭਾਰਤ ਕਿਹੋ ਜਿਹਾ ਦਿਖਾਈ ਦਿੰਦਾ ਹੈ।

ਉੱਪਰ ਗਏ ਤਾਂ ਦੱਖਣੀ ਅਤੇ ਮੱਧ-ਅਮਰੀਕਾ ਦੇ ਸਭਿਆਚਾਰਾਂ ਦੀ ਝਾਕੀ ਮਨ ਨੂੰ ਮੋਹ ਰਹੀ ਸੀ। ਗੁਆਟੇਮਾਲਾ ਦੀ ਮਸਰੂਫ਼ ਤੇ ਰੰਗੀਨ ਮਾਰਕੀਟ ਵੇਖ ਕੇ ਤਾਂ ਸਮਾਂ ਜਿਵੇਂ ਠਹਿਰ ਗਿਆ ਲੱਗਦਾ ਸੀ। ਉਸਤੋਂ ਅੱਗੇ ਪੂਰਵ-ਕੋਲੰਬੀਅਨ ੧੦੦੦ ਤੋਂ ੧੪੫੦ A.D. ਦੀ ਮੰਮੀ (Mummy) ਦਾ Mask ਪਿਆ ਸੀ। ਕੋਲੰਬੀਅਨ ਸਮੇਂ ਦੇ ਪੰਜੀ ਸਦੀਆਂ ਦੇ ਕਲਾ ਤੇ ਸ਼ਿਲਪ ਨੂੰ ਵੇਖਦਿਆਂ ਹੋਇਆਂ ਅਸੀਂ ਸੋਨੇ ਦੇ ਕੰਮ ਨਾਲ ਸ਼ਿੰਗਾਰਿਆ ਹੋਇਆ ਲਗ ਪਗ ੩੫੦੦ ਸਾਲ ਪੁਰਾਣਾ ਇਕ ਝਮਝਮ ਕਰਦਾ ਡੱਬਾ ਵੇਖਿਆ। ਇਸਦੇ ਨਾਲ ਹੀ ਉੱਤਰੀ ਧਰੁਵ ਖੇਤਰ ਉੱਪਰ ਕਰੜੀਆਂ ਹਾਲਤਾਂ ਵਿਚ ਜੀਵਨ ਦੀ ਜਦੋਜਹਿਦ ਦੀ ਕਹਾਣੀ ਦਰਸਾਈ ਗਈ ਸੀ। ਇਕ ਇਗਲੂ (ਘਰ) ਵਿਚ—ਜਿਹੜਾ ਕਿ ਅਸਲੀ ਆਕਾਰ ਜੇਡਾ ਬਣਾਇਆ ਹੋਇਆ ਸੀ - ਇਕ ਐਸਕੀਮੋਂ ਔਰਤ ਖਾਣਾ ਬਣਾ ਰਹੀ ਸੀ।

ਤੁਰਦੇ ਤੁਰਦੇ ਅਸੀਂ ਉਸ ਖੇਤਰ ਵਿਚ ਪਹੁੰਚ ਗਏ ਜਿਥੇ ਏਸ਼ੀਆਈ ਜੀਵਨ ਦੀਆਂ ਝਾਕੀਆ ਸਨ। ਦਸਵੀਂ ਸਦੀ ਦੀ ਭਵਨ ਨਿਰਮਾਣ ਕਲਾ ਦੀ ਅੱਕਾਸੀ ਕਰਦੇ ਇਕ ਘਰ ਵਿਚ ਇਕ ਜਪਾਨੀ ਔਰਤ ਚਾਹ ਤਿਆਰ ਕਰ ਰਹੀ ਸੀ। ਨੁਕੀਲੇ ਤੇ ਦਾਗਣ ਵਾਲੇ ਜਪਾਨੀ ਹਥਿਆਰਾਂ ਦਾ ਖ਼ਜ਼ਾਨਾ ਵੀ ਦਿਖਾਲੀ ਦੇ ਰਿਹਾ ਸੀ।

"ਲਓ ਆ ਗਿਆ ਜੇ ਤੁਹਾਡਾ ਇੰਡੀਆ" ਹਰਭਜਨ ਨੇ ਆਖਿਆ।

ਭਾਰਤੀ ਝਾਕੀ ਦੇ ਕੋਲ ਜਾਂਦਿਆਂ ਹੀ ਹਰਭਜਨ ਉਥੋਂ ਭੱਜਣ ਨੂੰ ਕਾਹਲਾ ਸੀ। ਉਹ ਸ਼ਰਮਸ਼ਾਰ ਹੋਇਆ ਮਹਿਸੂਸ ਕਰ ਰਿਹਾ ਸੀ। ਸ਼ਾਇਦ ਦੂਜੇ ਮੁਲਕਾਂ ਦੀ ਸ਼ਾਨ ਤੇ ਗੌਰਵ ਦੀ ਕਹਾਣੀ ਸਾਹਮਣੇ ਭਾਰਤ ਨੂੰ ਛੁਟਿਆ ਕੇ ਪੇਸ਼ ਕੀਤਾ ਗਿਆ ਲੱਗਦਾ ਸੀ। ਮੈਂ ਉਸਨੂੰ ਰੋਕ ਲਿਆ ਤਾਂ ਕਿ ਇਕ ਨਜ਼ਰ ਭਾਰਤੀ-ਦ੍ਰਿਸ਼ ਨੂੰ ਵੇਖਿਆ ਤਾਂ ਜਾ ਸਕੇ।

ਸਾਹਮਣੇ ਭਾਰਤੀ ਮਾਰਕੀਟ ਵਿਚ ਇਕ ਟਾਂਗਾ ਖੜੋਤਾ ਹੋਇਆ ਸੀ। ਜ਼ਮੀਨ ਉੱਪਰ ਇਕ ਪਾਸੇ ਜ਼ਮੀਨ ਉਤੇ ਇਕ ਸਪੇਰਾ ਆਪਣੀ ਬੀਨ ਅਤੇ ਪੋਟਲੀਆਂ ਸਮੇਤ ਬੈਠਾ ਸੀ। ਪਾਨ ਦੀ ਇਕ ਛੋਟੀ ਜਿਹੀ ਦੁਕਾਨ ਸੀ ਅਤੇ ਉਸਦੀਆਂ ਕੰਧਾਂ ਉੱਪਰ ਪੁਰਾਣੀਆਂ ਭਾਰਤੀ ਫਿਲਮਾਂ ਦੇ ਪੋਸਟਰ ਲੱਗੇ ਹੋਏ ਸਨ। ਇਕ ਹੋਰ ਛੋਟੀ ਜਿਹੀ ਦੁਕਾਨ ਉੱਪਰ ਇਕ ਖੁੱਥਾ ਜਿਹਾ ਸਰਦਾਰ ਬੈਠਾ ਹੋਇਆ ਸੀ।

ਹਰਭਜਨ ਨੂੰ ਇਤਰਾਜ਼ ਸੀ ਕਿ ਕੀ ਭਾਰਤ ਵਿਚ ਬੱਸ ਇਹੋ ਕੁਝ ਹੀ ਪ੍ਰਤੀਨਿਧਤਾ ਕਰਨ ਵਾਲਾ ਸੀ ! ਉਸਨੇ ਇਥੋਂ



Sri Satguru Jagjit Singh Ji eLibrary NamdhariElibrary@gmail.com

ਆਕੇ ਮਿਊਜ਼ੀਅਮ ਦੇ ਪ੍ਰਬੰਧਕਾਂ ਦੇ ਨੰਬਰ ਕੱਟ ਦਿਤੇ ਸਨ। ਮੈਨੂੰ ਵੀ ਉਸਦੀ ਗੱਲ ਵਿਚ ਸੱਚਾਈ ਨਜ਼ਰ ਆਈ।

"ਆਓ, ਹੁਣ ਐਧਰ ਆਪਣਾ ਸਿੱਖ ਭਾਈਚਾਰਾ ਵੀ ਵੇਖ ਲਓ!" ਹਰਭਜਨ ਨੇ ਪਿੱਠ ਵਲ ਮੁੜਦਿਆਂ ਕਿਹਾ, ਜਿਥੇ ਇਕ ਛੋਜੀ ਪਗੜੀ ਤੇ ਚੜ੍ਹਾਈ ਹੋਈ ਦਾੜ੍ਹੀ ਵਾਲੇ ਸਰਦਾਰ ਦਾ ਮੋਢਿਆਂ ਤੋਂ ਉਪਰਲੇ ਹਿੱਸੇ ਦਾ ਬੁੱਤ ਸੀ। ਸਿੱਖਾਂ ਦੇ ਵਖ ਵਖ ਕਕਾਰ ਵੀ ਪ੍ਰਦਰਸ਼ਿਤ ਕੀਤੇ ਗਏ ਸਨ। ਇਹ ਵੇਖ ਕੇ ਹਰਭਜਨ ਦੇ ਅੰਦਰ ਸ਼ਾਇਦ ਕੁਝ ਹੁਲਾਰਾ ਆਇਆ। ਉਹ ਸਿੱਖ ਦੇ ਬੁੱਤ ਵੱਲ ਸਾਡੇ ਤੋਂ ਪਹਿਲਾਂ ਹੀ ਗਹੁ ਨਾਲ ਵੇਖ ਰਹੇ ਇਕ ਗੋਰੇ ਨੂੰ ਉਚੇਚ ਨਾਲ ਬੁਲਾ ਕੇ ਆਖਣ ਲੱਗਾ,

"ਤੁਸੀਂ ਐਧਰ ਪਿੱਛੇ ਸਾਡੇ ਵੱਲ ਵੇਖੋ!...ਸੱਚਮੁੱਚ ਦੇ ਸਿੱਖਾਂ ਨੂੰ...ਬੁੱਤਾਂ ਨੂੰ ਕੀ ਵਿੰਹਦੇ ਹੋ!"

ਗੋਰਾ ਸਾਡੇ ਸਾਰਿਆਂ ਵਲ ਵੇਖ ਕੇ ਮੁਸਕਰਾਇਆ। ਸਿੱਖਾਂ ਦੀ ਅਸਲ ਜ਼ਾਤ ਨੇ ਉਸਨੂੰ ਪ੍ਰਸੰਨ ਕਰ ਦਿਤਾ ਸੀ।

ਮਿਊਜ਼ੀਅਮ ਦੀ ਯਥਾਰਥਵਾਦੀ ਸ਼ੈਲੀ ਧੂਹ ਪਾਉਣ ਵਾਲੀ ਸੀ। ਹਰੇਕ ਪ੍ਰਦਰਸ਼ਿਤ ਵਸਤੂ ਜਿਵੇਂ ਮੂੰਹੋਂ ਬੋਲਦੀ ਪਈ ਸੀ...ਜਾਨ ਪਈ ਹੋਈ ਸੀ ਉਸ ਵਿਚ।

ਇਥੋਂ ਵਿਹਲੇ ਹੋ ਕੇ ਹਰਭਜਨ ਸਾਨੂੰ ਆਪਣੇ ਘਰ ਲੈ ਗਿਆ। ਅਸੀਂ ਇਹ ਪਹਿਲਾ ਅਮਰੀਕੀ ਘਰ ਵੇਖਿਆ। ਸੋਹਣੇ ਘਰ ਵਿਚ ਵੱਡੇ ਸੋਫਿਆਂ 'ਤੇ ਬਹਿ ਕੇ ਅਸੀਂ ਉਹਦੀ ਪਤਨੀ ਦੇ ਹੱਥਾਂ ਦੀ ਬਣਾਈ ਹੋਈ ਸਵਾਦੀ ਚਾਹ ਪੀਤੀ। ਕੁਝ ਚਿਰ ਗੱਲਾਂ ਮਾਰੀਆਂ ਤੇ ਫਿਰ ਉਹ ਸਾਨੂੰ ਹੋਟਲ ਛੱਡ ਗਿਆ।

ਉਸਦੀ ਛੱਤੀ ਘੰਟੇ ਦੀ ਸ਼ਿਫਟ ਮੁਕੰਮਲ ਹੋਣ ਵਾਲੀ ਸੀ, ਪਰ ਸਾਡੇ ਪ੍ਰਤੀ ਪ੍ਰਗਟਾਏ ਪਿਆਰ ਨੇ ਉਸ ਨੂੰ ਅੰਦਰੋਂ ਸ਼ਕਤੀ ਦੇ ਕੇ ਤਰੋ-ਤਾਜ਼ਾ ਕਰ ਦਿਤਾ ਸੀ। ਇਧਰੋਂ ਜਾਣ ਸਮੇਂ ਮੈਨੂੰ ਮਿੱਤਰਾਂ ਨੇ ਬਾਰ ਬਾਰ ਕਿਹਾ ਸੀ ਕਿ ਉਥੇ ਲੋਕਾਂ ਕੋਲ ਸਮਾਂ ਨਹੀਂ ਹੁੰਦਾ। ਜਦੋਂ ਮੈਂ ਫੋਨ ਤੇ ਹਰਭਜਨ ਨੂੰ ਕਿਹਾ ਸੀ ਕਿ ਉਹ ਆਰਾਮ ਕਰੇ ਤਾਂ ਅਸਲ ਵਿਚ ਮੇਰੇ ਮਨ ਵਿਚ ਉਸਦੇ ਕੀਮਤੀ ਸਮੇਂ ਦੀ ਕਦਰ ਵੀ ਸੀ ਤੇ ਝਿਜਕ ਵੀ ਸੀ ਕਿ ਉਹ ਆਪਣੇ ਅਤਿ ਦੇ ਰੁਝੇਵੇਂ ਵਿਚੋਂ ਪਤਾ ਨਹੀਂ ਸਮਾਂ ਕੱਢ ਵੀ ਸਕੇਗਾ ਜਾਂ ਨਹੀਂ। ਪਰ ਏਥੇ ਤਾਂ ਉਸ ਨੇ ਸਮੇਂ ਤੇ ਸਰੀਰ ਨੂੰ ਨਿਚੋੜਕੇ ਸਾਡੀ ਰੂਹ ਨੂੰ ਰਜਾ ਦਿਤਾ ਸੀ। ਤੁਰਨ ਲੱਗਿਆਂ ਹਰਭਜਨ ਨੇ 'ਪਰੀ ਪੇਡ' ਟੈਲੀਫੋਨ ਕਾਰਡਾਂ ਦਾ ਇਕ ਰੁੱਗ ਮੇਰੇ ਹੱਥ ਫੜਾ ਦਿਤਾ ਤਾਂ ਕਿ ਮੈਨੂੰ ਅਮਰੀਕਾ ਵਿਚ ਜਾਂ ਬਾਹਰ ਕਿਧਰੇ ਟੈਲੀਫੋਨ ਕਰਨ ਵਿਚ ਕੋਈ ਦਿੱਕਤ ਨਾ ਆਵੇ। ਇਹਨਾਂ ਕਾਰਡਾਂ ਸਦਕਾ ਮੈਂ ਟੈਲੀਫੋਨ ਕਰਨ ਪੱਖੋਂ ਕਾਨਫਰੰਸ ਦਾ ਸਭ ਤੋਂ ਅਮੀਰ ਆਦਮੀ ਹੋ ਗਿਆ ਸਾਂ। ਉਹ ਕਾਰਡ ਏਨੇ ਜ਼ਿਆਦਾ ਸਨ ਕਿ ਮੈਂ ਉਹਨਾਂ ਵਿਚੋਂ ਕੁਝ ਇਕ ਹੀ ਵਰਤ ਸਕਿਆ। ਬਾਕੀ ਬਚੇ ਕਾਰਡਾਂ ਦੀ ਸੌਂਪਣਾ ਮੈਂ ਨਿਊਯਾਰਕ ਜਾਕੇ ਗੁਰਚਰਨ ਨੂੰ ਕਰ ਦਿਤੀ।

## ਹੋਲੀ-ਹਿੱਲ ਤੇ ਮਾਈਚਲ-ਪਾਰਕ

ਤਿੰਨ ਦਿਨਾਂ ਕਾਨਫਰੰਸ ਖ਼ਤਮ ਹੋ ਚੁੱਕੀ ਸੀ ਅਤੇ ਅਗਲੇ ਦਿਨ ਡੈਲੀਗੇਟਾਂ ਨੂੰ ਮਿਲਵਾਕੀ ਸ਼ਹਿਰ ਘੁਮਾਇਆ ਫਿਰਾਇਆ ਜਾਣਾ ਸੀ। ਵੇਖਣ-ਯੋਗ ਥਾਵਾਂ ਵਿਖਾਈਆਂ ਜਾਣੀਆਂ ਸਨ। ਹਰਭਜਨ ਸਿੰਘ ਨੇ ਪਿਛਲੀ ਰਾਤ ਨੂੰ ਹੀ ਐਲਾਨ ਕਰ ਦਿੱਤਾ ਸੀ।

"ਓ ਛੱਡੋ ਜੀ! ਆਪਾਂ ਵੱਖਰੇ ਚੱਲਾਂਗੇ। ਉਹਨਾਂ ਝੀਲ ਝੂਲ ਹੀ ਵਿਖਾਉਣੀ ਆਂ। ਉਹ ਆਪਾਂ ਵੇਖ ਚੁੱਕੇ ਹਾਂ। ਮੁੱਕਦੀ ਗੱਲ...ਸੌ ਹੱਥ ਰੱਸਾ ਸਿਰੇ 'ਤੇ ਗੰਢ। ਮੈਂ ਲੈ ਕੇ ਜਾਊਂ ਤੁਹਾਨੂੰ...।"

ਅਗਲੇ ਦਿਨ ਉਹ ਸਵੱਖਤੇ ਹੀ ਕਾਰ ਲੈ ਕੇ ਪਹੁੰਚ ਗਿਆ। ਅੱਜ ਮੈਂ ਆਪਣੇ ਨਾਲ ਆਪਣੇ ਰੂਮ-ਮੇਟ ਬਲਜੀਤ ਬਾਸੀ ਨੂੰ ਲਿਆ ਤੇ ਨਾਲ ਦੋਵਾਂ ਨਾਮਧਾਰੀ ਮਿੱਤਰਾਂ ਨੂੰ। ਮਿਲਵਾਕੀ ਦੀਆਂ ਖ਼ੂਬਸੂਰਤ ਸੜਕਾਂ 'ਤੇ ਤੈਰਦੀ ਹੋਈ ਕਾਰ ਇਕ ਸੜਕ ਤੋਂ ਦੂਜੀ ਸੜਕ, ਇਕ ਮੋੜ ਤੋਂ ਦੂਜਾ ਮੋੜ ਮੁੜਦੀ ਹੋਈ ਸ਼ਹਿਰ ਤੋਂ ਬਾਹਰ ਨਿਕਲ ਆਈ।

"ਅੱਜ ਤੁਹਾਨੂੰ ਅਮਰੀਕਾ ਦੇ ਕੁਦਰਤੀ ਨਜ਼ਾਰੇ ਦਿਖਾਉਂਦੇ ਹਾਂ।"

ਹਰਭਜਨ ਸਿੰਘ ਦੇ ਕਹਿਣ ਤੋਂ ਪਹਿਲਾਂ ਹੀ ਅਸੀਂ ਜਿੱਥੋਂ ਤੱਕ ਨਜ਼ਰਾਂ ਜਾਂਦੀਆਂ ਸਨ, ਫੈਲੀ ਹਰਿਆਵਲ ਨੂੰ ਮਾਣ ਰਹੇ ਸਾਂ। ਹਰਿਆਵਲ ਦੀ ਵੱਖੀ ਨਾਲ ਜੁੜਵੀਂ ਕਿਤੇ ਕਿਤੇ ਦੂਰ ਤੱਕ ਧਰਤੀ ਸੁਨਹਿਰੀ ਭਾ ਮਾਰ ਰਹੀ ਸੀ। ਇਹ ਸੈਂਕੜੇ ਏਕੜਾਂ ਵਿਚ ਪੱਕ ਚੁੱਕੀ ਕਣਕ ਦੇ ਵੱਡੇ ਖੇਤ ਸਨ। ਕਿਤੇ ਕਿਤੇ ਕਣਕ ਦੀ ਕਟਾਈ ਹੋ ਵੀ ਚੁੱਕੀ ਸੀ। ਪੰਜਾਬ ਵਿਚ ਜਦੋਂ ਅਸੀਂ ਝੋਨੇ ਦੀ ਲਵਾਈ ਮੁਕੰਮਲ ਕਰਨ ਵਾਲੇ ਸਾਂ ਏਥੇ ਪੱਕੀਆਂ ਕਣਕਾਂ ਨੂੰ ਵੇਖਣਾ ਨਵਾਂ ਤੇ ਰੁਮਾਂਟਿਕ ਅਨੁਭਵ ਸੀ। ਧਰਤੀ ਪੱਧਰੀ ਅਤੇ ਮੈਦਾਨੀ ਨਹੀਂ ਸੀ। ਕਈ



Sri Satguru Jagjit Singh Ji eLibrary NamdhariElibrary@gmail.com

ਕਈ ਏਕੜ ਟਿੱਬਿਆਂ ਵਾਂਗ ਉੱਚੀ ਧਰਤੀ ਦੀ ਹਿੱਕ ਉੱਭਰੀ ਹੋਈ ਸੀ। ਕਾਰ ਦੇ ਚੱਲਦਿਆਂ ਉਚਾਣ-ਨਿਵਾਣ ਵਿਚ ਉਠਦੀ ਬਹਿੰਦੀ ਧਰਤੀ ਸਾਹ ਲੈਂਦੀ ਜਾਪਦੀ ਸੀ।

ਅਜਿਹੀ ਧਰਤੀ ਉੱਤੇ ਮੀਲਾਂ ਤੱਕ ਨਜ਼ਰ ਫੇਰਦਿਆਂ ਮੈਨੂੰ ਜੁਆਨੀ ਦੇ ਉਹ ਦਿਨ ਯਾਦ ਆਏ ਜਦੋਂ ਪਾਣੀ ਲਾਉਂਦਿਆਂ ਕਿਆਰੇ ਨੂੰ ਤੋੜ ਤੱਕ ਸਾਵਾਂ ਭਰਨ ਲਈ ਉੱਚੀ ਥਾਂ ਤੋਂ ਕਹੀ ਨਾਲ ਮਿੱਟੀ ਖੁਰਚ ਕੇ ਪਾਣੀ ਚੜ੍ਹਾਇਆ ਜਾਂਦਾ ਸੀ। ਇਹੋ ਜਿਹੀ ਜ਼ਮੀਨ ਨੂੰ ਸਿੰਜਣ ਦੀ ਸਮੱਸਿਆ ਬਾਰੇ ਹਰਭਜਨ ਸਿੰਘ ਨੂੰ ਪੁੱਛਿਆ।

"ਏਥੇ ਮੌਸਮੀ ਮੀਂਹ ਹੀ ਕੰਮ ਸਾਰ ਜਾਂਦਾ ਹੈ। ਉਂਜ ਪਾਣੀ ਦੇਣ ਦਾ ਵੀ ਪ੍ਰਬੰਧ ਹੁੰਦਾ ਹੈ। ਪਾਈਪਾਂ ਰਾਹੀਂ ਫੁਹਾਰਾ ਸਿਸਟਮ ਦੀ ਵਰਤੋਂ ਕੀਤੀ ਜਾਂਦੀ ਹੈ...।"

ਵਿਚ ਵਿਚ ਜ਼ਮੀਨ ਹੋਰ ਵਧੇਰੇ ਉੱਚੀ ਹੋ ਜਾਂਦੀ ਅਤੇ ਪਹਾੜੀ ਦੀ ਪਹਾੜੀ ਨਜ਼ਰ ਆਉਂਦੀ। ਪਰ੍ਹੇ ਕਈ ਪਹਾੜੀਆਂ ਵੀ ਨਜ਼ਰੀਂ ਪੈ ਰਹੀਆਂ ਸਨ ਪਰ ਸਾਡੀਆਂ ਪਹਾੜੀਆਂ ਵਾਂਗ ਪਥਰੀਲੀਆਂ ਨਹੀਂ ਸਨ। ਨਰਮ ਮਿੱਟੀ ਦੀਆਂ ਪਹਾੜੀਆਂ ਸਨ, ਹਰਿਆਵਲ ਨਾਲ ਢੱਕੀਆਂ ਹੋਈਆਂ ਲੰਮੇ ਉੱਚੇ ਤੇ ਹਰੇ ਰੁੱਖਾਂ ਨਾਲ ਲੱਦੀਆਂ। ਮਾਣ-ਮੱਤੀਆਂ। ਇਹਨਾਂ ਵਿਚੋਂ ਹੀ ਕਾਫ਼ੀ ਉੱਚੀ ਪਹਾੜੀ ਉੱਤੇ ਰੁੱਖਾਂ ਵਿਚੋਂ ਸਿਰ ਕੱਢਦੀ ਇਮਾਰਤ ਦੇ ਤਿੱਖੇ ਉੱਚੇ ਗੁੰਬਦ ਦਿਸੇ। ਅਸਲ ਵਿਚ ਹਰਭਜਨ ਸਿੰਘ ਸਾਨੂੰ ਏਥੇ ਹੀ ਲੈ ਕੇ ਆਇਆ ਸੀ। ਪਹਾੜੀਆਂ ਦੀ ਸਿਖ਼ਰ ਉੱਤੇ 'ਹੋਲੀ ਹਿੱਲ' (Holy Hill) ਨਾਂ ਦਾ ਬਹੁਤ ਹੀ ਸ਼ਾਨਦਾਰ ਅਤੇ ਵੱਡ-ਆਕਾਰੀ ਗਿਰਜਾ ਸੀ। ਅਮਰੀਕਾ ਦਾ 'ਕੌਮੀ ਮੰਦਰ'। ਇਥੋਂ ਦਾ ਖ਼ੂਬਸੂਰਤ ਦਰਸ਼ਨੀ-ਸਥਲ।

ਅਸੀਂ ਕਾਰ ਪਾਰਕ ਕਰਕੇ ਵਲ ਖਾਂਦੀਆਂ ਸੜਕਾਂ ਰਾਹੀਂ ਪਹਾੜੀ ਉੱਪਰ ਚੜ੍ਹਣ ਲੱਗੇ। ਥੋੜ੍ਹੀ ਥੋੜ੍ਹੀ ਵਿੱਥ ਉੱਤੇ ਵੱਖ ਵੱਖ ਥਾਵਾਂ 'ਤੇ ਈਸਾ ਨੂੰ ਸਜ਼ਾ ਦਾ ਐਲਾਨ ਕਰਨ ਤੋਂ ਲੈ ਕੇ ਸੂਲੀ ਟੰਗਣ ਅਤੇ ਸੂਲੀ ਤੋਂ ਹੇਠਾਂ ਉਤਾਰਨ ਦੇ ਬੁੱਤ ਬਣੇ ਹੋਏ ਸਨ। ਹਰ ਵਿਸ਼ੇਸ਼ ਪੜਾਅ 'ਤੇ ਉਸ ਵਿਸ਼ੇਸ਼ ਮੌਕੇ ਦਾ ਮਾਹੌਲ ਏਨਾ ਸਜੀਵ ਅਤੇ ਜਾਨਦਾਰ ਸੀ ਕਿ ਵਿਭਿੰਨ ਪਾਤਰਾਂ ਦੀ ਮਾਨਸਿਕਤਾ ਵੀ ਉਹਨਾਂ ਦੇ ਚਿਹਰਿਆਂ ਤੋਂ ਉਜਾਗਰ ਹੁੰਦੀ ਪਈ ਸੀ। ਯਥਾਰਥਕ ਸ਼ੈਲੀ ਦੀ ਇਕ ਹੋਰ ਉੱਘੜਵੀਂ ਤੇ ਕਲਾਤਮਕ ਮਿਸਾਲ! ਸੂਲੀ ਚੜ੍ਹਾਉਣ ਤੋਂ ਪਹਿਲਾਂ ਦੇ ਬੁੱਤਾਂ ਨੂੰ ਦੇਖਿਆਂ ਜੱਲਾਦ ਦਾ ਗੁੱਸਾ ਉਹਦੇ ਚਿਹਰੇ ਅਤੇ ਅੱਖਾਂ 'ਚੋਂ ਉੱਬਲ ਰਿਹਾ ਦਿਸਦਾ ਸੀ। ਸ਼ਰਧਾਲੂ ਔਰਤਾਂ ਜੋ ਇਸ ਸਮੇਂ ਦੁਆਲੇ ਇਕੱਠੀਆਂ ਹੋਈਆਂ ਸਨ, ਉਹਨਾਂ ਦੇ ਚਿਹਰੇ ਉੱਤੇ ਡੂੰਘੇ ਦੁੱਖ ਅਤੇ ਉਦਾਸੀ ਦਾ ਪਰਛਾਵਾਂ ਤਾਂ ਸਾਰੀ ਮਾਹੌਲ ਨੂੰ ਚਿਤਰ ਹੀ ਰਿਹਾ ਸੀ ਪਰ ਸਭ ਤੋਂ ਵੱਧ ਮੈਨੂੰ ਕਲਾਤਮਕ ਜਾਨ ਲੱਗੀ ਜੱਲਾਦਾਂ ਦੇ ਵੱਸ ਪਏ ਈਸਾ ਦੇ 'ਜਿਊਂਦੇ-ਜਾਗਦੇ' ਬੁੱਤ ਵਿਚ। ਉਹਦੇ ਚਿਹਰੇ ਉੱਤੇ ਮਨੁੱਖੀ ਪੀੜ ਅਤੇ ਬੇਵੱਸੀ ਝਲਕਦੀ ਸੀ.. ਬਘਿਆੜਾਂ ਦੇ ਵੱਸ ਪਏ ਮਨੁੱਖ ਵਾਂਗ। ਸੂਲੀ ਚੜ੍ਹਣ ਵਾਲੇ ਕਿਸੇ ਵਿਅਕਤੀ ਦੇ ਸਾਧਾਰਨ ਮਨੁੱਖੀ ਭਾਵਾਂ ਦੀ ਤਰਜਮਾਨੀ ਨੇ ਮੈਨੂੰ ਕੀਲ ਕੇ ਰੱਖ ਲਿਆ ਸੀ।

ਮੈਨੂੰ ਯਾਦ ਆਇਆ ਅਸੀਂ ਆਪਣੇ ਸ਼ਹੀਦਾਂ ਨੂੰ ਇੰਜ ਪੇਸ਼ ਕਰਦੇ ਹਾਂ ਜਿਵੇਂ ਉਹ 'ਹੱਸਦੇ ਹੱਸਦੇ' ਸੂਲੀ ਚੜ੍ਹੇ ਸਨ। ਮੈਨੂੰ ਹਮੇਸ਼ਾਂ ਲੱਗਦਾ ਰਿਹਾ ਹੈ ਕਿ ਵੱਡੇ ਆਦਰਸ਼ਾਂ ਲਈ ਜਾਨਾਂ ਕੁਰਬਾਨ ਕਰਨ ਵਾਲੇ ਇਹ ਲੋਕ ਵੀ 'ਅੰਦਰੋਂ' ਤਾਂ ਇਨਸਾਨ ਹੀ ਸਨ। ਉਹਨਾਂ ਦੀ ਵਡਿਆਈ ਇਸੇ ਗੱਲ ਵਿਚ ਹੀ ਹੈ ਕਿ ਉਹਨਾਂ ਮਰਨਾ ਪਰਵਾਨ ਕਰ ਲਿਆ ਪਰ ਆਦਰਸ਼ ਦਾ ਪੱਲਾ ਨਹੀਂ ਛੱਡਿਆ। ਉਂਜ ਉਹਨਾਂ ਅੰਦਰ ਵੀ ਮਨੁੱਖੀ ਦਿਲ ਸੀ, ਜਿਸ ਦਿਲ ਵਿਚ ਮਿੱਤਰਾਂ-ਪਿਆਰਿਆਂ ਤੇ ਸੱਜਣਾਂ-ਸਨੇਹੀਆਂ ਲਈ ਅਥਾਹ ਮੁਹੱਬਤ ਦਾ ਖਜ਼ਾਨਾ ਹੋਵੇਗਾ। ਉਹਨਾਂ ਸਭ ਨੂੰ ਛੱਡਕੇ, ਦੁਨੀਆਂ ਦੇ ਰੰਗ ਤਮਾਸ਼ੇ ਵੇਖਦਿਆਂ ਉਹਨਾਂ ਤੋਂ ਅੱਖਾਂ ਮੀਟ ਕੇ ਤੁਰ ਜਾਣ ਦਾ ਦੁੱਖ ਤਾਂ ਉਹਨਾਂ ਨੂੰ ਵੀ ਹੋਵੇਗਾ ਹੀ। ਜ਼ਿੰਦਗੀ ਨੂੰ—ਜਿਸਨੂੰ ਵੇਖ ਵੇਖ ਕਦੀ ਅੱਖਾਂ ਰੱਜਦੀਆਂ ਨਹੀਂ—ਜਿਊਣ ਤੇ ਮਾਨਣ ਦੀ ਰੀਝ ਉਹਨਾਂ ਵਿਚ ਵੀ ਹੁੰਦੀ ਹੋਵੇਗੀ ਹੀ। ਇਹ ਸਭ ਕੁਝ ਪਿਆਰਾ ਪਿਆਰਾ ਤੇ ਦਿਲ ਨੂੰ ਧੂਹ ਪਾਉਣ ਵਾਲਾ ਇਕ ਦਮ ਗੁੰਮ-ਗੁਆਚ ਜਾਣ ਤੇ ਛੱਡ ਜਾਣ ਦਾ ਦਰਦ ਤਾਂ ਉਹਨਾਂ ਨੂੰ ਵੀ ਹੋਇਆ ਹੋਵੇਗਾ। ਇਹ ਸਭ ਸੋਚ ਕੇ ਉਹਨਾਂ ਦਾ ਮਨ ਵੀ ਕਦੀ ਨਾ ਕਦੀ ਤਾਂ ਭਰ ਆਇਆ ਹੋਵੇਗਾ। ਉਹਨਾਂ ਨੇ ਵੀ ਲੋਕਾਂ ਦੀਆਂ ਨਜ਼ਰਾਂ ਤੋਂ ਬਚਾ ਕੇ ਆਪਣੇ ਅੱਥਰੂ ਪੂੰਝੇ ਹੋਣਗੇ। ਸ਼ਹੀਦ ਭਗਤ ਸਿੰਘ ਨੇ ਠੀਕ ਹੀ ਤਾਂ ਕਿਹਾ ਸੀ ਕਿ ਜ਼ਿੰਦਗੀ ਤਾਂ ਉਹਨਾਂ ਨੂੰ ਵੀ ਪਿਆਰੀ ਹੈ। ਜਿਊਣਾ ਅਤੇ ਜੀਵਨ ਦੀਆਂ ਖੁਸ਼ੀਆਂ ਮਾਨਣ ਦੀ ਉਹਨਾਂ ਦੀ ਵੀ ਰੀਝ ਹੈ ਪਰ ਜ਼ਿੰਦਗੀ ਆਦਰਸ਼ ਤੋਂ ਪਿਆਰੀ ਨਹੀਂ। ਪਰ ਜਿੰਨੀ ਕੁ ਵੀ ਸੀ—ਇਸ ਪਿਆਰੀ ਜ਼ਿੰਦਗੀ ਦੇ ਵਿਗੋਚੇ ਦਾ ਅਹਿਸਾਸ ਤਾਂ ਉਹਨਾਂ ਨੂੰ ਵੀ ਹੋਇਆ ਹੋਵੇਗਾ।

ਮੈਂ ਸਮਝਦਾ ਹਾਂ ਕਿ ਅਸਲ ਵਿਚ 'ਕੁਰਬਾਨੀ' ਵੀ



Sri Satguru Jagjit Singh Ji eLibrary NamdhariElibrary@gmail.com

ਤਾਂ ਇਹੋ ਹੀ ਹੁੰਦੀ ਹੈ। ਸਭ ਕੁਝ ਮਾਨਣ ਅਤੇ ਜਿਊਣ ਦੀ ਲਾਲਸਾ ਹੁੰਦੇ ਹੋਏ ਵੀ ਇਸਤੋਂ ਮੂੰਹ ਮੋੜ ਕੇ ਕਿਸੇ 'ਵੱਡੀ' ਪ੍ਰਾਪਤੀ ਲਈ ਜਾਨ ਵਾਰ ਦੇਣਾ। ਜੇ ਜ਼ਿੰਦਗੀ ਨੂੰ ਜਿਊਣ ਦੀ ਚਾਹ ਹੀ ਨਹੀਂ ਤਾਂ ਕੁਰਬਾਨੀ ਕਾਹਦੀ ਹੋਈ! ..ਉਹ ਤਾਂ ਖ਼ੁਦਕਸ਼ੀ ਹੋ ਗਈ।

ਇਸ ਕਲਾਕਾਰ ਨੇ ਈਸਾ ਨੂੰ ਮਾਨਵੀ ਦਰਦ ਵਿਚ ਭਿੱਜਾ ਦਿਖਾ ਕੇ ਆਪਣੀ ਅਥਾਹ ਕਲਾ-ਸਮਰੱਥਾ ਦਾ ਪਰਗਟਾਵਾ ਕੀਤਾ ਸੀ ਤੇ ਮੈਨੂੰ ਅੰਦਰੋਂ ਹਲੂਣ ਕੇ ਰੱਖ ਦਿੱਤਾ ਸੀ।

ਜਿਉਂ ਜਿਉਂ ਅਸੀਂ ਪਹਾੜੀ ਦੀਆਂ ਪਰਤਾਂ ਉੱਪਰ ਚੜ੍ਹਦੇ ਜਾ ਰਹੇ ਸਾਂ ਤਿਉਂ ਤਿਉਂ ਚੌਗਿਰਦੇ ਦਾ ਕੁਦਰਤੀ ਨਜ਼ਾਰਾ ਉੱਘੜਦਾ ਆ ਰਿਹਾ ਸੀ। ਪਹਾੜੀ ਦੇ ਸਿਖ਼ਰ ਉੱਪਰ ਕਈ ਮੰਜ਼ਿਲਾ ਉੱਚਾ ਗਿਰਜਾ ਸ਼ਾਨ ਨਾਲ ਸਿਰ ਉੱਚਾ ਕਰੀ ਖੜੋਤਾ ਸੀ। ਗਿਰਜੇ ਦੇ ਸਾਹਮਣੇ ਖੁਲ੍ਹੇ ਮੈਦਾਨੀ ਫਰਸ਼ ਉੱਤੇ ਸਕੂਲਾਂ ਦੇ ਛੋਟੇ ਛੋਟੇ ਬੱਚੇ ਸਾਹਮਣੇ ਕਾਗਜ਼ਾਂ ਤੇ ਹੱਥ ਰੱਖੀ ਗਿਰਜੇ ਅਤੇ ਆਲੇ ਦੁਆਲੇ ਦੇ ਚਿਤਰ ਬਨਾਉਣ ਵਿਚ ਮਗਨ ਸਨ। ਉਹ ਆਪਣੀਆਂ ਅਧਿਆਪਕਾਵਾਂ ਨਾਲ ਇਸ ਦਰਸ਼ਨੀ ਸਥਾਨ ਨੂੰ ਵੇਖਣ ਆਏ ਸਨ।

ਗਿਰਜੇ ਦੇ ਖੁਲ੍ਹੇ ਹਾਲ ਵਿਚ ਅਸੀਂ ਚੱਕਰ ਲਾਇਆ ਇਕ ਦੋ ਬੰਦੇ ਬੈਂਚਾਂ 'ਤੇ ਬੈਠੇ ਹੋਏ ਸਨ, ਬਹੁਤੇ ਬਾਹਰ ਜਾਂ ਗਿਰਜੇ ਦੀਆਂ ਉਪਰਲੀਆਂ ਛੱਤਾਂ ਉਪਰ ਚੜ੍ਹ ਕੇ ਚੌਗਿਰਦੇ ਦੇ ਪ੍ਰਕ੍ਰਿਤਕ ਦ੍ਰਿਸ਼ਾਂ ਦਾ ਆਨੰਦ ਮਾਣ ਰਹੇ ਸਨ। ਹੇਠਾਂ ਨੂੰ ਵਾਪਸ ਪਰਤਦਿਆਂ ਅਸੀਂ ਵੇਖਿਆ ਪਹਾੜੀ ਵਿਚੋਂ ਫੁੱਟ ਰਹੇ ਚਸ਼ਮੇ 'ਚੋਂ ਇਕ ਗੋਰਾ ਆਪਣੀ ਜੀਪ ਵਿਚ ਪਾਣੀ ਦੇ ਕੈਨ ਭਰ ਭਰ ਰਖੀ ਜਾ ਰਿਹਾ ਸੀ। ਅਸੀਂ ਸਮਝਿਆ ਕਿ ਉਹ ਸਾਡੇ ਸਰੋਵਰਾਂ ਜਾਂ ਗੰਗਾ ਮਈਆ ਵਿਚੋਂ 'ਜਲ' ਦੀਆਂ ਬੋਤਲਾਂ ਭਰਨ ਵਰਗਾ ਕੋਈ ਕਾਰਜ ਕਰ ਰਿਹਾ ਹੈ।

"ਕੀ ਇਹ ਪਵਿੱਤਰ ਪਾਣੀ ਤੁਸੀਂ ਆਪਣੇ ਘਰ ਲਿਜਾ ਰਹੇ ਹੋ?"

ਅਸੀਂ ਉਸ ਨੂੰ ਪੁਛਿਆ ਤਾਂ ਉਸ ਦਾ ਉੱਤਰ 'ਹਾਂ' ਵਿਚ ਸੀ।

"ਇਸ ਪਿੱਛੇ ਤੁਹਾਡੀ ਧਾਰਮਿਕ-ਭਾਵਨਾ ਕੰਮ ਕਰ ਰਹੀ ਹੈ?"

"ਇਹ ਗੱਲ ਵੀ ਹੈ, ਪਰ ਉਂਝ ਵੀ ਇਹ ਪਾਣੀ ਸਿਹਤ ਲਈ ਵਧੇਰੇ ਲਾਹੇਵੰਦ ਹੈ। ਇਸ ਲਈ ਇਥੋਂ ਪਾਣੀ ਲੈ ਜਾਂਦਾ ਹਾਂ...ਜਦੋਂ ਮੁੱਕ ਜਾਂਦਾ ਹੈ ਫਿਰ ਲੈ ਜਾਂਦਾ ਹਾਂ।"

ਧੁੱਪ ਵਿਚ ਉਹਦਾ ਲਾਲ ਰੰਗ ਨੁਚੜਨ ਨੂੰ ਆਇਆ ਹੋਇਆ ਸੀ। ਹੱਟੇ-ਕੱਟੇ ਗੋਰੇ ਨੂੰ ਬਲਜੀਤ ਬਾਸੀ ਨੇ ਕਿਹਾ, "...ਤਾਂ ਫਿਰ 'ਸਿਹਤ' ਲਈ ਲਿਜਾਂਦੇ ਹੋ!"

ਉਹਦਾ ਇਸ਼ਾਰਾ ਸਮਝਕੇ ਗੋਰਾ ਮੁਸਕਰਾਇਆ ਤੇ ਕੈਨ ਪਾਣੀ ਦੀ ਧਾਰ ਹੇਠਾਂ ਕਰ ਦਿਤਾ।

ਉਥੋਂ ਵਿਹਲੇ ਹੋ ਕੇ ਅਸੀਂ ਮਿਲਵਾਕੀ ਪਹੁੰਚ ਗਏ। ਹਰਭਜਨ ਜ਼ੋਰ ਦੇ ਰਿਹਾ ਸੀ ਕਿ ਦੁਪਹਿਰ ਦੀ ਰੋਟੀ ਉਸਦੇ ਘਰ ਜਾਕੇ ਖਾਧੀ ਜਾਵੇ, ਪਰ ਅਸੀਂ ਘਰ ਜਾਕੇ ਖੇਚਲ ਦੇਣ ਨਾਲੋਂ ਬਾਹਰ ਹੀ ਕਿਧਰੇ ਕੁਝ ਖਾ ਪੀ ਲੈਣ ਲਈ ਆਖਿਆ। ਹਰਭਜਨ ਸਾਨੂੰ ਇਕ ਇੰਡੀਅਨ ਰੈਸਟੋਰੈਂਟ ਵਿਚ ਲੈ ਗਿਆ।

ਉਥੇ ਵਖ ਵਖ ਤਰ੍ਹਾਂ ਦੀਆਂ ਸਬਜ਼ੀਆਂ, ਸਲਾਦ ਅਤੇ ਮੀਟ ਬਣਾਕੇ ਵੱਡੇ ਬਰਤਨਾਂ ਵਿਚ ਰਖੇ ਹੋਏ ਸਨ। ਹਰੇਕ ਦਾ ਨਿਸਚਿਤ ਮੁੱਲ ਸੀ। ਜਿਹੜੀ ਚੀਜ਼ ਕੋਈ ਲੈਣੀ ਚਾਹੁੰਦਾ ਲੋੜ ਅਨੁਸਾਰ ਪਲੇਟ ਵਿਚ ਪਾ ਲੈਂਦਾ। ਇਹਨਾਂ ਨੂੰ 'ਬਫ਼ੇ' ਕਿਹਾ ਜਾਂਦਾ ਹੈ। ਤਾਰਾ ਸਿੰਘ ਅਨਜਾਣ ਤਾਂ ਦੁਕਾਨ ਜਾਂ ਰੈਸਟੋਰੈਂਟ ਤੋਂ ਕੁਝ ਖਾਂਦਾ ਪੀਂਦਾ ਨਹੀਂ, ਪਰ ਜਦੋਂ ਮੈਂ ਤੇ ਜਗਦੀਸ਼ ਸਿੰਘ ਸ਼ਾਕਾਹਾਰੀ ਭੋਜਨ ਲੈ ਕੇ ਆਪਣੇ ਮੇਜ਼ ਉਪਰ ਬੈਠੇ ਤਾਂ ਅਨਜਾਣ ਨੂੰ 'ਖਾਲੀ' ਵੇਖ ਹਰਭਜਨ ਹੈਰਾਨ ਹੋਇਆ। ਜਦੋਂ ਅਨਜਾਣ ਦੀ 'ਸਮੱਸਿਆ' ਦਾ ਪਤਾ ਲਗਾ ਤਾਂ ਉਹ ਬਹੁਤ ਪਰੇਸ਼ਾਨ ਹੋਇਆ।

"ਬਾਬਾ ਜੀ! ਤੁਸੀਂ ਪਹਿਲਾਂ ਦੱਸਣਾ ਸੀ...ਘਰ ਜਾਂਦੇ ਉਥੇ ਰੋਟੀ ਖਾਂਦੇ ..ਮੈਂ ਤਾਂ ਬਥੇਰਾ ਆਖਿਆ ਸੀ ਤੁਹਾਨੂੰ।" ਉਸ ਗਿਲੇ ਨਾਲ ਮੇਰੇ ਵਲ ਵੇਖਿਆ।

"ਕੋਈ ਨਹੀਂ! ਇਹ ਬਾਬਾ ਜੀ ਰੂਹ ਦੇ ਰੱਜੇ ਹੋਏ ਨੇ ..ਤੁਸੀਂ ਫਿਕਰ ਨਾ ਕਰੋ।" ਮੈਂ ਉਹਨੂੰ ਤਸੱਲੀ ਦਿਤੀ।

ਅਸੀਂ ਖਾਣਾ ਸ਼ੁਰੂ ਕਰ ਚੁਕੇ ਸਾਂ। ਜਦੋਂ ਬਾਸੀ ਤੇ ਹਰਭਜਨ ਆਪਣੀਆਂ ਪਲੇਟਾਂ ਸਮੇਤ ਸਾਡੇ ਵਲ ਆਏ ਤਾਂ ਬਾਸੀ ਸਾਡੀ ਮੇਜ਼ 'ਤੇ ਸਾਡੇ ਨਾਲ ਹੀ ਬੈਠਣ ਲੱਗਾ। ਇਸ ਵੱਡੇ ਮੇਜ਼ ਉਪਰ ਉਹਨਾਂ ਦੇ ਬੈਠਣ ਲਈ ਕਾਫੀ ਥਾਂ ਸੀ, ਪਰ ਹਰਭਜਨ ਨੇ ਬਾਸੀ ਨੂੰ ਕਿਹਾ,

"ਭਾ-ਅ ਜੀ, ਏਥੇ ਨਾ ਬੈਠੋ...ਆਪਾਂ ਦੋਵੇਂ ਔਹ ਦੂਸਰੇ ਮੇਜ਼ ਤੇ ਬੈਠਦੇ ਹਾਂ। ਇਹਨਾਂ ਨੂੰ ਖੁਲ੍ਹੇ ਬੈਠ ਕੇ ਆਰਾਮ ਨਾਲ ਖਾਣ ਦਈਏ।"



Sri Satguru Jagjit Singh Ji eLibrary NamdhariElibrary@gmail.com

ਉਹ ਦੂਜੀ ਮੇਜ਼ ਉਪਰ ਬੈਠ ਕੇ ਖਾਣ ਲੱਗੇ ।

"ਯਾਰ ! ਹਰਭਜਨ ਸਿੰਘ ਬਹੁਤ ਬਰੀਕ ਆਦਮੀ ਐ ।" ਜਗਦੀਸ਼ ਸਿੰਘ ਨੇ ਮੈਨੂੰ ਆਖਿਆ, "ਐਥੇ ਇਸ ਕਰਕੇ ਨਹੀਂ ਬੈਠਾ ਕਿ ਉਹਨਾਂ ਦੀਆਂ ਪਲੇਟਾਂ ਵਿਚ ਮੀਟ ਸੀ ਤੇ ਉਸ ਸੋਚਿਆ ਸਾਨੂੰ ਇੰਝ ਉਹਨਾਂ ਦਾ ਸਾਡੇ ਨਾਲ ਬੈਠਣਾ ਚੰਗਾ ਨਹੀਂ ਲੱਗੇਗਾ ।"

ਦੂਜਿਆਂ ਦੀਆਂ ਭਾਵਨਾਵਾਂ ਦਾ ਏਨੀ ਬਰੀਕੀ ਨਾਲ ਖਿਆਲ ਰੱਖਣ ਕਰਕੇ ਹਰਭਜਨ ਸਿੰਘ ਦੀ ਸਾਡੇ ਮਨ ਵਿਚ ਹੋਰ ਕਦਰ ਵਧ ਗਈ ।

ਰੋਟੀ ਖਾਕੇ ਵਿਹਲੇ ਹੋਏ ਤਾਂ ਹਰਭਜਨ ਸਿੰਘ ਅਗਲੇ ਪੜਾਅ ਦੀ ਯਾਤਰਾ ਲਈ ਤਿਆਰ ਸੀ । ਉਸ ਨੇ ਸਾਨੂੰ ਕਾਰ ਵਿਚ ਬਿਠਾਇਆ ਅਤੇ ਮਿਲਵਾਕੀ ਦੇ ਪ੍ਰਸਿਧ 'ਮਾਈਚਲ ਪਾਰਕ' ਵਿਚ ਲੈ ਗਿਆ । ਇਥੇ ਤਿੰਨ ਵੱਡੇ ਗੁੰਬਦ (Domes) ਹਨ, ਜਿਨ੍ਹਾਂ ਦੇ ਕ੍ਰਮਵਾਰ ਨਾਮ ਇਸ ਤਰ੍ਹਾਂ ਹਨ—"Show Dome", "Arid Dome" ਅਤੇ "Tropical Dome".

Show Dome ਵਿਚ ਸਾਲਾਨਾ ਮੌਸਮੀ ਫ਼ਲਾਂ ਨਾਲ ਸੰਬੰਧਿਤ ਪੰਜ ਨੁਮਾਇਸ਼ਾਂ ਲਗਦੀਆਂ ਹਨ । ਹਜ਼ਾਰਾਂ ਮੌਸਮੀ ਪੌਦੇ ਹਰੇਕ 'ਸ਼ੋਅ' ਵਿਚ ਵਰਤੇ ਜਾਂਦੇ ਹਨ ।

Arid Dome ਦੇ ਨਾਂ ਤੋਂ ਹੀ ਸਪਸ਼ਟ ਹੈ ਕਿ ਏਥੇ ਉਹ ਪੌਦੇ ਹਨ ਜੋ ਬੰਜਰ, ਮਾਰੂਥਲੀ ਜਾਂ ਵੀਰਾਨ ਇਲਾਕਿਆਂ ਵਿਚੋਂ ਮਿਲਦੇ ਹਨ । ਇਥੇ ਦੱਖਣ-ਪੱਛਮੀ ਇਲਾਕੇ ਜਿਵੇਂ ਕਿ ਅਫ਼ਰੀਕਾ, ਮੈਡਗਾਸਕਰ, ਦੱਖਣੀ ਅਮਰੀਕਾ ਜਾਂ ਮੈਕਸੀਕੋ ਦੇ ਖੇਤਰ ਦੀ ਪ੍ਰਤੀਨਿਧਤਾ ਕੀਤੀ ਗਈ ਹੈ । ਏਥੇ ਸੰਸਾਰ ਪੱਧਰ ਦੀ ਕੈਕਟਿਸ ਦੇ ਉੱਤਮ ਨਮੂਨੇ ਉਪਲਭਧ ਹਨ ।

Tropical Dome ਵਿਚ ਸਿੱਲ੍ਹੀ ਹਵਾ, ਬੋਲਦੇ ਪੰਛੀ ਅਤੇ ਮਿੱਟੀ ਦੀ ਮਹਿਕ ਮਹਿਸੂਸ ਕਰਦਿਆਂ ਜਾਪਦਾ ਹੈ ਜਿਵੇਂ ਵਿਸਕਾਨਸਨ ਤੋਂ ਦੂਰ ਕਿਸੇ ਵੱਖਰੇ ਸੰਸਾਰ ਵਿਚ ਦਾਖਲ ਹੋ ਗਏ ਹੋਈਏ । ਇਥੇ ਗਰਮ-ਖੰਡ ਦੇ ੭੫੦ ਜਾਤੀਆਂ ਦੇ ਪੌਦੇ ਮਿਲਦੇ ਹਨ ।

ਪੱਛਮੀ ਲੋਕਾਂ ਦੀ ਹਰੇਕ ਚੰਗੀ ਵਸਤ ਨੂੰ ਪ੍ਰਾਪਤ ਕਰਨ ਤੇ ਸੰਗ੍ਰਹਿ ਕਰਨ ਦੀ ਰੁਚੀ ਬੜੀ ਹੀ ਦਿਲਚਸਪ ਲੱਗੀ । ਇਸ ਪਾਰਕ ਵਿਚ ਕੁਝ ਬੂਟੇ ਅਜਿਹੇ ਵੀ ਹਨ ਜਿਨ੍ਹਾਂ ਨੂੰ ਚੀਨ ਤੋਂ 'ਸਮਗਲ' ਕਰਕੇ ਲਿਆਂਦਾ ਗਿਆ । ਇਥੇ ਹੀ ਕਾਲੀ ਮਿਰਚ ਦਾ ਪੌਦਾ ਵੇਖਿਆ ਤੇ ਉਸ ਨਾਲ ਲਿਖਕੇ ਲਾਈ ਹੋਈ ਸੂਚਨਾ ਤੋਂ ਇਕ ਨਵੀਂ ਜਾਣਕਾਰੀ ਮਿਲੀ । ਇਹ ਪੌਦਾ ਭਾਰਤ ਦੀ ਧਰਤੀ ਦਾ ਪੌਦਾ ਹੈ, ਪਰ ਨਵੀਂ ਜਾਣਕਾਰੀ ਇਹ ਸੀ ਕਿ ਜਦੋਂ ਕੋਲੰਬਸ ਭਾਰਤ ਨੂੰ ਲੱਭਣ ਤੁਰਿਆ ਸੀ ਤਾਂ ਉਹਦੀ ਇਸ ਯਾਤਰਾ ਦਾ ਮੂਲ-ਪ੍ਰੇਰਕ ਕਾਲੀ ਮਿਰਚ ਨੂੰ ਪ੍ਰਾਪਤ ਕਰਨਾ ਸੀ । ਇੰਝ ਭਾਰਤ ਜਾਂ ਸਮਝੋ 'ਕਾਲੀ ਮਿਰਚ' ਲੱਭਦੇ ਲੱਭਦੇ ਕੋਲੰਬਸ ਨੇ ਅਮਰੀਕਾ ਲੱਭ ਲਈ ! ਤਾਂ ਇਹ ਸੀ ਨਿੱਕੀ ਜਿਹੀ ਕਾਲੀ ਮਿਰਚ ਦੀ ਕਰਾਮਾਤ !!

ਸ਼ੀਸ਼ੇ ਦੇ ਗੁੰਬਦਾਂ ਹੇਠਾਂ ਲਗਪਗ ਇਕ ਏਕੜ ਜ਼ਮੀਨ ਵਿਚ ਇਹ ਪਾਰਕ ਫੈਲਿਆ ਹੋਇਆ ਹੈ । ਹਰੇਕ ਗੁੰਬਦ ਦਾ ਆਕਾਰ ੧੪੦'×੮੫' ਤੇ ਲੰਬੀ ਵਾਲੇ ਫ਼ਰਸ਼ ਤੋਂ ਲੈ ਕੇ ਸੱਤ ਮੰਜ਼ਿਲਾਂ ਵਿਚ ੭੫੦੦੦੦ ਕਿਊਬਿਕ ਫੁੱਟ ਥਾਂ ਘੇਰਦੇ ਹਨ ਇਹ ਗੁੰਬਦ । ਹਰ ਸਾਲ ਇਸ ਪਾਰਕ ਨੂੰ ਢਾਈ ਲੱਖ ਲੋਕ (ਜਿਨ੍ਹਾਂ ਵਿਚ ਵੀਹ ਹਜ਼ਾਰ ਦੇ ਲਗਪਗ ਵਿਦਿਆਰਥੀ ਹੁੰਦੇ ਹਨ), ਵੇਖਣ ਲਈ ਆਉਂਦੇ ਹਨ । ਵੱਖ ਵੱਖ ਸੌ ਦੇਸ਼ਾਂ ਦੇ ਮੁਖੀ ਇਸ ਥਾਂ ਨੂੰ ਵੇਖਣ ਆ ਚੁਕੇ ਹਨ ।

'ਸ਼ੋਅ ਡੋਮ' ਦਸੰਬਰ ੧੯੬੪ 'ਚ, 'ਟਰੋਪੀਕਲ ਡੋਮ' ਫਰਵਰੀ ੧੯੬੬ 'ਚ ਅਤੇ 'ਅਰਿਡ ਡੋਮ' ਅਕਤੂਬਰ ੧੯੬੭ ਵਿਚ ਹੋਂਦ ਵਿਚ ਆਏ । ਪੌਦਿਆਂ ਨੂੰ ਪਾਣੀ ਹਰ ਰੋਜ਼ ਹੱਥ ਨਾਲ ਦਿੱਤਾ ਜਾਂਦਾ ਹੈ । ਇਨ੍ਹਾਂ ਗੁੰਬਦਾਂ ਨੂੰ ਲੋੜ ਅਨੁਸਾਰ ਗਰਮ ਅਤੇ ਠੰਢਾ ਕਰਨ ਦਾ ਪ੍ਰਬੰਧ ਵੀ ਹੈ ।

ਘੁੰਮਦਿਆਂ ਫਿਰਦਿਆਂ ਸ਼ਾਮ ਪੈ ਗਈ ਤੇ ਥੱਕ ਕੇ ਨਿਢਾਲ ਹੋ ਗਏ ਸਾਂ । ਅਸੀਂ ਸਾਰੇ ਤਾਂ 'ਸੁਕਪੁਕੈ' ਰਹਿਣ ਵਾਲੇ ਬੰਦੇ ਸਾਂ । ਬਾਸੀ ਮੈਨੂੰ ਹੌਲੀ ਜਿਹੀ ਕਹਿਣ ਲੱਗਾ, "ਯਾਰ ! ਦਿਨ ਤਾਂ ਚੰਗਾ ਲੰਘ ਗਿਆ, ਹੁਣ ਸ਼ਾਮ ਦੀ ਥਕਾਵਟ ਕਿਵੇਂ ਲੱਥੂ ? ਵਾਪਸ ਚਲੀਏ ਹੋਟਲ ਵਿਚ ।"

ਹਰਭਜਨ ਨੂੰ ਪਤਾ ਲੱਗਾ ਤਾਂ ਕਹਿੰਦਾ, "ਵਾਪਸ ਤਾਂ ਹੁਣ ਰੋਟੀ ਖਾਣ ਤੋਂ ਪਿਛੋਂ ਹੀ ਜਾਓਗੇ... ।" ਉਹਦੀ ਮਹਿਮਾਨ-ਨਿਵਾਜ਼ੀ ਤੇ ਮੋਹ ਡੁੱਲ੍ਹ ਡੁੱਲ੍ਹ ਪੈ ਰਿਹਾ ਸੀ । ਪਰ ਬਲਜੀਤ ਦੇ ਮਨ ਦੀ ਮੁਰਾਦ ਦਾ ਕੀ ਹੋਵੇ ?

ਹਰਭਜਨ ਕਹਿੰਦਾ, "ਘਰ ਜਾਣ ਤੋਂ ਪਹਿਲਾਂ ਜ਼ਰਾ ਸਟੋਰ ਤੋਂ ਹੋ ਚਲੀਏ...ਕੰਮਕਾਜ ਤੇ ਨਜ਼ਰ ਰਹਿਦੀ ਐ ।"

ਅਸਾਂ ਕੀ ਆਖਣਾ ਸੀ । ਸਟੋਰ 'ਤੇ ਪਹੁੰਚੇ ਤਾਂ ਹਰਭਜਨ ਨੇ ਬਲਜੀਤ ਨੂੰ ਇਸ਼ਾਰਾ ਕੀਤਾ ਕਿ ਸਟੋਰ ਦੇ ਉਸ ਵਿਸ਼ੇਸ਼ ਹਿੱਸੇ ਵਿਚ (ਜਿਥੇ ਵਖ ਵਖ ਕਿਸਮ ਦੀ ਸ਼ਰਾਬ



Sri Satguru Jagjit Singh Ji eLibrary NamdhariElibrary@gmail.com

ਪਈ ਹੋਈ ਸੀ) ਜਾਕੇ ਮਨਮਰਜ਼ੀ ਦੀ ਸ਼ਰਾਬ ਆਪਣੇ ਪੀਣ ਲਈ ਚੁਕ ਲਿਆਵੇ। ਬਿਨ-ਦੱਸਿਆਂ ਜਿਵੇਂ ਬਲਜੀਤ ਦੀ ਸੁਣੀ ਗਈ ਸੀ! ਸਾਡੇ ਸਭ ਦੇ ਜ਼ੋਰ ਦੇਣ 'ਤੇ ਉਹ ਅੰਦਰ ਗਿਆ, ਪਰ ਦੋ ਕੁ ਮਿੰਟ ਬਾਦ ਖਾਲੀ ਹੱਥੀਂ ਬਾਹਰ ਆ ਗਿਆ।

"...ਕੀ ਗੱਲ ਕੁਝ ਲਿਆਏ ਨਹੀਂ ?" ਹਰਭਜਨ ਨੇ ਪੁਛਿਆ।

ਬਲਜੀਤ ਮੁਸਕਰਾ ਪਿਆ, "ਤੁਸੀਂ ਹੀ ਮੇਰੀ ਮਦਦ ਕਰੋ . ਮੈਨੂੰ ਤਾਂ ਪਤਾ ਨਹੀਂ ਲਗਦਾ।" ਅਸਲ ਵਿਚ ਅੰਦਰ ਏਨੀ ਕਿਸਮ ਦੀ ਸ਼ਰਾਬ ਸੀ ਕਿ 'ਖੁਲ੍ਹ ਜਾਹ ਸਿਮਸਿਮ' ਦੇ ਕਾਸਮ ਵਾਂਗ ਉਹ ਉਥੋਂ ਦੀ 'ਚਮਕਦੀ ਰੌਸ਼ਨੀ' ਦੀ ਬਹੁਤਾਤ ਨਾਲ ਚਕਾਚੌਂਧ ਹੋ ਗਿਆ ਸੀ।

"ਬੀਅਰ ਲਓਗੇ ਕਿ ਵ੍ਹਿਸਕੀ ?"

ਬਲਜੀਤ ਨੇ ਬੀਅਰ ਕਿਹਾ ਤਾਂ ਹਰਭਜਨ ਸਭ ਤੋਂ ਪਹਿਲਾਂ ਵਧੀਆ ਬੀਅਰ ਦੇ ਡੱਬੇ ਚੁਕ ਲਿਆਇਆ। ਹੌਲੀ ਹੌਲੀ ਉਹ ਤਿੰਨ ਡੱਬੇ ਪੀ ਗਿਆ। ਹਰਭਜਨ ਦੇ ਘਰ ਦਾ ਬਣਿਆ ਦੇਸੀ ਜ਼ਾਇਕੇ ਵਾਲਾ ਸਵਾਦੀ ਭੋਜਨ ਖਾ ਕੇ ਜਦੋਂ ਅਸੀਂ ਗੱਪਸ਼ੱਪ ਲੜਾ ਰਹੇ ਸਾਂ ਤਾਂ ਬਲਜੀਤ ਸਭ ਕਾਸੇ ਨਾਲ ਰੱਜ ਕੇ ਸੋਫ਼ੇ ਤੇ ਧੌਣ ਸੁਟੀ ਘੁਰਾੜੇ ਮਾਰ ਰਿਹਾ ਸੀ।

ਤਾਰਾ ਸਿੰਘ ਅਨਜਾਣ ਨੂੰ ਵੀ ਅੱਜ ਪਹਿਲੇ ਦਿਨ 'ਘਰ ਦੀ ਰੋਟੀ' ਖਾਣ ਦਾ ਮੌਕਾ ਮਿਲਿਆ ਸੀ। ਉਸ ਨੇ ਵੀ ਰੱਜ ਕੇ ਰੋਟੀ ਖਾਧੀ...ਤੇ ਅਸੀਂ ਤਾਂ ਹਰਭਜਨ ਦੇ ਪਿਆਰ ਨਾਲ ਵੀ ਰੱਜੇ ਪਏ ਸਾਂ...ਰੋਟੀ ਤਾਂ ਭਲਾ ਖਾਣੀ ਹੀ ਸੀ।

## ਦੇਸ਼-ਭਗਤ ਹਾਲ ਦੀ ਤਾਕਤ

"ਤੁਸੀਂ ਕਿਸੇ ਨੂੰ ਕੁਝ ਵੀ ਨਹੀਂ ਸਮਝਦੇ!...ਲੋਕ ਤੁਹਾਡੇ 'ਤੇ ਬੜੇ ਔਖੇ ਨੇ...।"

ਬਲਦੇਵ ਧਾਲੀਵਾਲ ਦੇ ਜੁਆਬ ਵਿਚ ਮੈਂ ਆਖਿਆ, "ਬਈ ਮੈਂ ਤਾਂ ਹਰੇਕ ਦਾ ਬਣਦਾ-ਤਣਦਾ ਮਾਣ ਸਤਿਕਾਰ ਕਰਦਾਂ। ਜੇ ਫਿਰ ਵੀ ਮੇਰੀ ਆਖੀ ਗੱਲ ਕਿਸੇ ਨੂੰ ਬੁਰੀ ਲੱਗ ਜਾਵੇ ਤਾਂ ਮੈਂ ਕੀ ਕਰ ਸਕਦਾਂ।"

ਅਸਲ ਵਿਚ ਮੇਰੇ ਸੁਭਾ ਦਾ ਨੁਕਸ ਜਾਂ ਖ਼ੂਬੀ ਇਹੋ ਹੈ ਕਿ ਜੋ ਗੱਲ ਮੈਨੂੰ ਪਸੰਦ ਜਾਂ ਨਾ-ਪਸੰਦ ਹੈ, ਉਸ ਬਾਰੇ ਮੈਂ ਆਪਣੀ ਰਾਇ ਮਨ ਵਿਚ ਲੁਕਾ ਕੇ ਨਹੀਂ ਰੱਖ ਸਕਦਾ। ਅੱਜ-ਕੱਲ੍ਹ ਦੇ ਬਹੁ-ਗਿਣਤੀ ਲੋਕਾਂ ਵਾਂਗ ਦਿਲ ਵਿਚ ਜ਼ਹਿਰ ਭਰਿਆ ਹੋਣ ਦੇ ਬਾਵਜੂਦ ਉਪਰੋਂ 'ਮਿੱਠੀ-ਮਿੱਠੀ' ਕਹੀ ਜਾਣਾ ਮੇਰੇ ਵੱਸ ਵਿਚ ਹੀ ਨਹੀਂ। ਚਾਹਵਾਂ ਵੀ ਤਾਂ ਅਜਿਹਾ ਕਰ ਨਹੀਂ ਸਕਦਾ। ਮੇਰਾ ਅੰਦਰਲਾ ਓਨਾ ਚਿਰ ਉਬਲਦਾ ਰਹਿੰਦਾ ਹੈ ਜਿੰਨਾਂ ਚਿਰ ਮਨ ਦੀ ਗੱਲ ਕਹਿ ਨਾ ਲਵਾਂ। ਕਹਿ ਲਵਾਂ ਤਾਂ ਸ਼ਾਂਤ ਹੋ ਜਾਂਦਾ ਹਾਂ।

ਬਲਦੇਵ ਦੀ ਗੱਲ ਸੁਣਕੇ ਮੈਂ ਸੋਚਿਆ ਮੇਰੀ ਕਿਹੜੀ ਗੱਲ ਤੇ ਕਿਸੇ ਨੂੰ ਔਖਿਆਈ ਹੋ ਸਕਦੀ ਹੈ! 'ਸਿੱਖ ਸਮਾਜ ਵਿਚ ਔਰਤ ਦੀ ਸਥਿਤੀ' ਬਾਰੇ ਪ੍ਰਧਾਨਗੀ ਭਾਸ਼ਨ ਵਿਚ ਕੀਤੀਆਂ ਮੇਰੀਆਂ ਬੇਬਾਕ ਟਿੱਪਣੀਆਂ ਨੇ ਹੋ ਸਕਦਾ ਹੈ ਕਿਸੇ ਅਜਿਹੇ ਵਿਅਕਤੀ ਦੇ ਕੱਟੜ-ਪੁਣੇ ਦੇ 'ਕੂਲੇ-ਪਨ' ਨੂੰ ਚੋਟ ਮਾਰ ਦਿੱਤੀ ਹੋਵੇ ਜਿਹੜਾ 'ਸਿੱਖੀ' ਨੂੰ ਕੇਵਲ ਆਪਣੇ ਤੱਕ ਹੀ ਸੀਮਤ ਸਮਝਦਾ ਹੋਵੇ। ਉਂਜ ਮੇਰੇ ਵਿਚਾਰਾਂ ਦੀ ਪੁਸ਼ਟੀ ਕਰਦਿਆਂ ਬਹੁਤ ਸਾਰੇ ਸਿਆਣੇ ਲੋਕਾਂ ਨੇ ਪਿਛੋਂ ਵੀ ਮੇਰੀ ਪ੍ਰਸੰਸਾ ਕੀਤੀ ਸੀ। ਤੇਜਵੰਤ ਗਿੱਲ, ਹਰਭਜਨ ਹੁੰਦਲ ਤੇ ਅਮਰਜੀਤ ਗਰੇਵਾਲ ਤੋਂ ਬਿਨਾਂ ਜਦੋਂ ਡਾ: ਜਸਵੰਤ ਸਿੰਘ ਨੇਕੀ ਨੇ ਗਰਮਜੋਸ਼ੀ ਨਾਲ ਹੱਥ ਮਿਲਾ ਕੇ ਮੈਨੂੰ ਆਖਿਆ, "ਮੈਂ ਤੇਰੇ ਵਿਚਾਰਾਂ ਤੋਂ ਬਹੁਤ ਇੰਪਰੈਸ ਹੋਇਆਂ" ਤਾਂ ਮੈਨੂੰ ਆਪਣੇ 'ਮੂੰਹ-ਫੱਟ' ਹੋਣ ਉਤੇ ਵੀ ਲਾਡ ਆਇਆ।

ਹਰ ਰੋਜ਼ ਰਾਤ ਦਾ ਖਾਣਾ ਦਰਸ਼ਨ ਸਿੰਘ ਧਾਲੀਵਾਲ ਦੇ ਘਰ ਹੁੰਦਾ ਸੀ ਪਰ ਕਾਨਫਰੰਸ ਦੇ ਆਖਰੀ ਦਿਨ ਖਾਣੇ ਦਾ ਬੰਦੋਬਸਤ ਹੋਟਲ ਵਿਚ ਹੀ ਕੀਤਾ ਗਿਆ ਸੀ ਅਤੇ ਦਰਸ਼ਨ ਸਿੰਘ ਧਾਲੀਵਾਲ ਅਤੇ ਉਹਦੇ ਸੰਗੀ-ਸਾਥੀ ਏਥੇ ਹੀ ਪਹੁੰਚ ਗਏ ਸਨ। ਹੋਟਲ ਦੇ ਵੱਡੇ ਹਾਲ ਵਿਚ ਦਾਰੂ ਦੀ ਲੰਮੀ ਮਹਿਫ਼ਲ ਜੰਮੀ ਹੋਈ ਸੀ। ਕੁਝ ਲੋਕ ਖਾਣਾ ਖਾਕੇ ਕਮਰਿਆਂ ਵਿਚ ਚਲੇ ਗਏ ਸਨ। ਕੁਝ ਅੰਦਰੋਂ ਉੱਠਕੇ ਹੋਟਲ ਦੀ ਲਾਬੀ ਵਿਚ ਆਣ ਬੈਠੇ ਸਨ ਤੇ ਖੁਸ਼-ਗੱਪੀਆਂ ਵਿਚ ਮਗਨ ਸਨ। ਹਾਲ ਕਮਰੇ ਵਿਚ ਕੁਝ ਪਰਵਾਸੀ ਕਵੀ-ਗਾਇਕ ਕਵਿਤਾਵਾਂ ਸੁਣਾ ਰਹੇ ਸਨ। ਉਹਨਾਂ ਦੀ ਆਵਾਜ਼ ਸੁਣਕੇ ਲਾਬੀ ਵਿਚ ਚੱਲ ਰਹੀ ਗੱਪ-ਮਹਿਫ਼ਿਲ ਨੂੰ ਕਾਵਿ-ਮਹਿਫ਼ਿਲ ਵਿਚ ਬਦਲਣ ਦੀ ਸਲਾਹ ਬਣ ਗਈ। ਏਨੇ ਚੰਗੇ ਸ਼ਾਇਰ ਬੈਠੇ ਸਨ ਤਾਂ ਉਹਨਾਂ ਦੀ ਸ਼ਾਇਰੀ ਦਾ ਲੁਤਫ਼ ਕਿਉਂ ਨਾ ਲਿਆ ਜਾਵੇ।

"ਕਰ ਬਈ ਸੰਧੂ ਸ਼ੁਰੂ" ਹਰਭਜਨ ਹੁੰਦਲ ਨੇ ਆਖਿਆ।



Sri Satguru Jagjit Singh Ji eLibrary NamdhariElibrary@gmail.com

ਮੈਂ ਮੁਸਕਰਾ ਕੇ ਚੁੱਪ ਕਰ ਰਿਹਾ। ਸਾਰੇ ਮੇਰੇ ਮੂੰਹ ਵੱਲ ਵੇਖਣ ਲੱਗੇ। ਠੀਕ ਹੋ ਕੇ ਬੈਠਣ ਲਈ ਕੁਰਸੀਆਂ ਅੱਗੇ ਪਿੱਛੇ ਖਿਸਕਣ ਲੱਗੀਆਂ।

"ਇਹ ਸ਼ਾਇਰਾਂ ਦੀ ਮਹਿਫ਼ਿਲ ਹੈ। ਨਰਮ ਤੇ ਨਾਜ਼ੁਕ ਲੋਕਾਂ ਦੀ.. ਮੇਰੇ ਜਿਹੇ ਖੁਰਦੁਰੇ ਦਾ ਕੀ ਕੰਮ ਹੈ ਇਸ ਵਿਚ...।"

ਰੋਜ਼ ਦੇਰ ਤੱਕ ਜਾਗਦੇ ਰਹਿਣ ਕਰਕੇ ਤੇ ਸਾਰਾ ਦਿਨ ਘੁੰਮ ਫਿਰਕੇ ਥੱਕ ਜਾਣ ਕਾਰਨ ਮੈਂ ਕਮਰੇ ਵਿਚ ਜਾ ਕੇ ਸੌਣਾ ਚਾਹੁੰਦਾ ਸਾਂ। ਉਂਜ ਵੀ ਮੈਨੂੰ ਇਸ ਕਾਵਿ-ਮਹਿਫ਼ਿਲ ਦਾ ਸੰਚਾਲਕ ਬਣਨ ਤੋਂ ਝਿਜਕ ਸੀ। ਪਿਛਲੇ ਦਿਨੀਂ ਵੀ ਇਕ ਅਜਿਹੀ ਹੀ ਮਹਿਫ਼ਿਲ ਦੀ ਸੰਚਾਲਨਾ ਇਸੇ ਲਾਬੀ ਵਿਚ ਕਰ ਰਿਹਾ ਸਾਂ ਤਾਂ ਅਮਰੀਕੀ-ਮੇਜ਼ਬਾਨਾਂ ਦੇ ਸਹਾਇਕ ਅਤੇ ਸ਼ਰਧਾਲੂ ਬਾਰ ਬਾਰ ਦਖ਼ਲ-ਅੰਦਾਜ਼ੀ ਕਰ ਕੇ ਮੇਰੇ ਬੋਲਣ ਤੋਂ ਪਹਿਲਾਂ ਹੀ ਕਹਿ ਦਿੰਦੇ ਸਨ, "ਹੁਣ ਫ਼ਲਾਂ ਸਿੰਘ ਆਪਣੀ ਕਵਿਤਾ ਸੁਣਾਏਗਾ...!"

ਉਹ ਨਾਂਮ ਉਹਨਾਂ ਦੇ ਕਿਸੇ 'ਟੁੱਟੇ ਜਿਹੇ' ਸਥਾਨਕ ਕਵੀ ਦਾ ਹੁੰਦਾ ਸੀ। ਉਹਨਾਂ ਉਤੇ ਇਕ ਤਾਂ ਸੋਲਾਂ ਰਤਨੀ ਦਾ ਅਸਰ ਸੀ ਤੇ ਦੂਜਾ ਇਹ ਮਾਣ ਵੀ ਸੀ ਕਿ ਉਹ ਦਰਸ਼ਨ ਸਿੰਘ ਧਾਲੀਵਾਲ ਦੇ ਨੌਂ ਰਤਨਾਂ ਵਿਚੋਂ ਹਨ ਇਸ ਲਈ ਉਹਨਾਂ ਦੀ ਗੱਲ ਹੀ ਮੰਨੀ ਜਾਣੀ ਚਾਹੀਦੀ ਹੈ। ਅਜਿਹੇ ਅਜਨਬੀ ਤੇ ਮਹਿਫ਼ਿਲ ਦੇ ਨੇਮਾਂ ਤੋਂ ਅਨਜਾਣ ਬੇਕਾਬੂ ਬੰਦਿਆਂ ਨੂੰ ਰੋਕਦੇ ਟੋਕਦੇ ਚੰਗਾ ਵੀ ਨਹੀਂ ਸੀ ਲੱਗਦਾ ਪਰ ਅਨੁਸ਼ਾਸਨ ਤੇ ਸਲੀਕਾ ਬਣਾਈ ਰੱਖਣ ਲਈ ਮੈਨੂੰ ਇਹ ਕਰਨਾ ਪਿਆ ਤੇ ਮੇਰੇ ਤੋਂ ਬਾਰ ਬਾਰ ਪਹਿਲਾਂ ਬੋਲ ਪੈਣ ਵਾਲੇ ਇਕ ਉਤਸ਼ਾਹੀ ਵਿਅਕਤੀ ਨੂੰ ਮੈਂ ਸਖਤੀ ਨਾਲ ਟੋਕ ਵੀ ਦਿੱਤਾ। ਉਹ ਭਰਿਆ-ਪੀਤਾ ਚੁੱਪ ਕਰ ਗਿਆ। ਉਸ ਤੋਂ ਪਿੱਛੋਂ ਮੈਂ ਕਵੀਆਂ ਤੋਂ ਇਲਾਵਾ ਕਿਸੇ ਫੁਟਕਲ ਬੰਦੇ ਨੂੰ ਵਿਚੋਂ ਬੋਲਣ ਨਾ ਦਿੱਤਾ। ਉਹ ਮਹਿਫ਼ਿਲ ਖ਼ੂਬ ਜੰਮੀ।

ਉਸੇ ਮਹਿਫ਼ਿਲ ਦੇ ਖ਼ੂਬਸੂਰਤ ਤਜਰਬੇ ਨੂੰ ਮੁੱਖ ਰੱਖਦਿਆਂ ਅੱਜ ਵੀ ਸਾਰੇ ਸ਼ਾਇਰ ਤੇ ਹੋਰ ਲੋਕ ਮੈਨੂੰ ਜੋਰ ਦੇ ਰਹੇ ਸਨ ਕਿ ਮੈਂ ਸਟੇਜ ਸੰਭਾਲ ਕੇ ਸ਼ੁਰੂਆਤ ਕਰਾਂ।

ਅਜੇ ਇਹ ਗੱਲਾਂ ਹੋ ਹੀ ਰਹੀਆਂ ਸਨ ਕਿ ਇਕ ਉਨਾਬੀ ਪੱਗ ਵਾਲਾ ਅਜਨਬੀ ਇਕਦਮ ਉਚੀ ਆਵਾਜ਼ ਵਿਚ ਕੂਕਿਆ, "ਚਲੋ ਜੀ... ਸਿੰਘ ਕਵਿਤਾ ਸੁਣਾਏਗਾ।"

ਮੈਂ ਹੱਸ ਕੇ ਟਾਲਿਆ, "ਬਸ ਇੰਜ ਹੀ ਜਦੋਂ ਸਾਰੇ ਹੁਕਮ ਕਰਨ ਲਗ ਪੈਣ ਤਾਂ ਸਟੇਜ ਸੰਭਾਲਣੀ ਔਖੀ ਹੋ ਜਾਂਦੀ ਹੈ।"

"ਤੂੰ ਜਿਹੜਾ ਦੇਸ਼ ਭਗਤ ਹਾਲ ਵਿਚ ਹਜ਼ਾਰਾਂ ਦੀ ਭੀੜ ਵਿਚ ਸਟੇਜ ਸੰਭਾਲ ਸਕਦਾਂ... ਤੈਨੂੰ ਏਥੇ ਕੀ ਮੁਸ਼ਕਿਲ ਆਉਣ ਲੱਗੀ ਆ।" ਜਗਜੀਤ ਸਿੰਘ ਆਨੰਦ ਦੀਆਂ ਬੁੱਲ੍ਹੀਆਂ ਨਾਲ ਮੋਟੇ ਸ਼ੀਸ਼ਿਆਂ ਪਿਛੋਂ ਅੱਖਾਂ ਵੀ ਹੱਸ ਰਹੀਆਂ ਸਨ। ਉਰਮਿਲਾ, ਤੇਜਵੰਤ ਗਿੱਲ ਤੇ ਹਰਭਜਨ ਹੁੰਦਲ ਸਭ ਨੂੰ ਮੇਰੇ ਉਪਰ ਮਾਣ ਸੀ।

"ਤੁਹਾਡਾ ਕਿਹਾ ਤਾ ਨਹੀਂ ਮੋੜਦਾ", ਮੈਂ ਸਿਰ ਝੁਕਾ ਕੇ ਹੁਕਮ ਮੰਨ ਲਿਆ, ".. ਪਰ ਦੇਸ਼ ਭਗਤ ਹਾਲ ਵਿਚ ਮੇਰੇ ਨਾਲ ਮੇਰੇ ਆਪਣਿਆਂ ਦੀ ਸ਼ਕਤੀ ਹੁੰਦੀ ਹੈ!"

ਉਹੋ ਅਜਨਬੀ ਫੇਰ ਬੋਲਿਆ, "... ਸਿੰਘ ਸੁਣਾਏਗਾ ਕਵਿਤਾ।"

ਮੈਂ ਸਨਿਮਰ ਬੇਨਤੀ ਕੀਤੀ ਕਿ ਜੇ ਸਭ ਦੋਸਤ ਮੈਨੂੰ ਇਹ ਜ਼ਿੰਮੇਂਵਾਰੀ ਸੌਂਪ ਹੀ ਰਹੇ ਹਨ ਤਾਂ ਮੇਰਾ ਸਾਥ ਦਿਤਾ ਜਾਵੇ ਤੇ ਕਿਰਪਾ ਕਰਕੇ ਵਿਚੋਂ ਟੋਕ-ਟੁਕਾਈ ਨਾ ਕੀਤੀ ਜਾਵੇ। ਕਵਿਤਾ ਪੜ੍ਹਨ ਦਾ ਸਮਾਂ ਹਰੇਕ ਨੂੰ ਮਿਲੇਗਾ.. ਪਰ ਮਿਲੇਗਾ ਆਪਣੀ ਵਾਰੀ 'ਤੇ।

ਮੈਂ ਗੱਲ ਦਾ ਸਿਰਾ ਫੜਦਿਆਂ ਭੂਮਿਕਾ ਬੱਧੀ— "ਜ਼ਿੰਦਗੀ ਨੂੰ ਕਵਿਤਾ ਤੇ ਕਵਿਤਾ ਨੂੰ ਜ਼ਿੰਦਗੀ ਬਨਾਉਣ ਦੀ ਰੀਝ ਰੱਖਣ ਵਾਲੇ ਸੁਪਨਸਾਜ਼ ਮਿੱਤਰੋ! . ਜੋ ਸੁਪਨੇ ਵਿਚ ਵੀ ਨਹੀਂ ਸੌਂਦਾ . ਸਿਪਾਹੀ ਹੈ ਜਾਂ ਸ਼ਾਇਰ.. ਮੈਂ ਸਭ ਤੋਂ ਪਹਿਲਾਂ ਅਜਿਹੇ ਸਿਪਾਹੀ ਸ਼ਾਇਰ ਨੂੰ ਪੇਸ਼ ਕਰਨਾ ਚਾਹ ਰਿਹਾ ਹਾਂ ਜਿਸ ਨੇ ਕਦੀ ਜਾਗਦੇ ਤੇ ਜਗਦੇ ਅੱਖਰਾਂ ਨਾਲ ਚਾਨਣਾਂ ਦਾ ਛੱਟਾ ਦਿਤਾ ਸੀ ਤੇ ਜਿਸਦੇ ਰੌਸ਼ਨੀ ਵੰਡਦੇ ਬੋਲ ਕਿਸੇ ਸਮੇਂ ਹਰੇਕ ਅਗਾਂਹ-ਵਧੂ ਵਿਅਕਤੀ ਦੇ ਬੁੱਲ੍ਹਾਂ ਤੇ ਚਾਨਣੀ ਮੁਸਕਾਣ ਬਣਕੇ ਖਿੜ ਉਠੇ ਸਨ। ਉਹ ਇਥੇ ਅੱਗੜ-ਪਿੱਛੜ ਕੁਰਸੀਆਂ ਦੀ ਭੀੜ ਵਿਚ ਪਿੱਛੇ ਲੁਕਿਆ ਬੈਠਾ ਹੈ, ਪਰ—ਗੁੱਝੀ ਰਹੇ ਨਾ ਹੀਰ ਹਜ਼ਾਰ ਵਿਚੋਂ—ਆਓ ਸੁਰਿੰਦਰ ਗਿੱਲ ਜੀ ਅੱਗੇ ਆਵੋ।"

ਤਾੜੀਆਂ ਦੀ ਗੜਗੜਾਹਟ ਹੋਈ।

ਲਾਬੀ ਦਾ ਆਕਾਰ ਵਿਅਕਤੀਆਂ ਦੀ ਗਿਣਤੀ ਮੁਤਾਬਕ ਛੋਟਾਂ ਹੋਣ ਕਰਕੇ ਪੂਰੀ ਤਰ੍ਹਾਂ ਗੋਲ ਦਾਇਰਾ ਨਹੀਂ ਸੀ ਬਣ ਰਿਹਾ, ਪਰ ਜਦੋਂ ਸੁਰਿੰਦਰ ਗਿੱਲ ਨੇ ਉਸ ਗੁਟਕਦੀ, ਗਾਉਂਦੀ ਤੇ ਮੁਸਕਾਉਂਦੀ ਬੁੱਲਬੁੱਲ ਬਾਰੇ ਨਜ਼ਮ ਛੋਹੀ,



Sri Satguru Jagjit Singh Ji eLibrary NamdhariElibrary@gmail.com

ਜਿਸ ਨੇ ਨਿਕੇ ਨਿਕੇ ਤੀਲੇ ਲਿਆ ਕੇ ਕਾਵਿ-ਨਾਇਕ ਦੇ ਘਰ ਦੇ ਵਿਹੜੇ ਵਿਚ ਆਲ੍ਹਣਾ ਪਾ ਲਿਆ ਸੀ ..ਤਾਂ ਸਰੋਤਿਆਂ ਦੇ ਦਿਲ ਇਸ ਭੀੜੀ ਥਾਂ ਵਿਚ ਵੀ ਵਿਸ਼ਾਲ ਹੋ ਗਏ ਤੇ ਕਵੀ ਦੇ ਨਾਲ ਹੀ ਖੁਸ਼ੀ ਦੀ ਇਕ ਝਰਨਾਹਟ ਉਨ੍ਹਾਂ ਦੇ ਮਨ ਨੂੰ ਨਸ਼ਿਆ ਗਈ। ਪਰ ਉਹਨਾਂ ਦਾ ਉਦੋਂ ਕਵੀ ਦੇ ਨਾਲ ਹੀ ਹਓਕਾ ਨਿਕਲ ਗਿਆ ਜਦੋਂ ਉਸਦੇ ਬੋਲ ਲਿਸ਼ਕੇ :

ਰੰਗ ਗਵਾਚੇ
ਸਰਪਟ ਕਾਂਗਾਂ ਲਹਿ ਗਈਆਂ ਨੇ
ਇਕ ਦਰਵਾਸਾ
ਮਨ ਵਿਚ ਧੀਰ ਜਿਹੀ ਹੈ
ਉਮਰਾਂ ਦੀ ਇਹ ਟਹਿਣੀ ਗਹਿਰ ਗੰਭੀਰ ਜਿਹੀ ਹੈ
ਇਹ ਬੁਲਬੁਲ ਵੀ ਕਿਸ ਰੁੱਤ ਆਈ...

ਕਵਿਤਾ ਖਤਮ ਹੋਈ। ਵਾਹ ! ਵਾਹ !! ਦੇ ਨਾਲ ਤਾੜੀਆਂ ਦੀ ਆਵਾਜ਼ ਉੱਚੀ ਹੋਈ।

ਕੁਵੇਲੇ ਦੀ ਉਮਰ ਵਿਚ ਬੁਲਬੁਲ ਦੇ ਟਾਹਣੀ ਉੱਤੇ ਆ ਬੈਠਣ ਦੀ ਗੱਲ ਸੁਣਕੇ ਮੈਨੂੰ ਸ਼ਿਅਰ ਯਾਦ ਆ ਗਿਆ।

ਖੁਸ਼ਕ ਪੱਤਾ ਹੂੰ ਮੌਸਮ ਹਰਾ ਅਬ ਨਾ ਦੇ !
ਇਕ ਨਏ ਦਰਦ ਕਾ ਜ਼ਾਇਕਾ ਅਬ ਨਾ ਦੇ !

"ਵਾਅਹ ! ਬਈ ! ਵਾਹ !!...ਇਕ ਵਾਰ ਫੇਰ ਕਹਿ।"

ਮੈਨੂੰ ਲੱਗਾ ਮਹਿਫ਼ਿਲ ਹੁਣ ਮੇਰੀ ਮੁੱਠ ਵਿਚ ਸੀ। ਸਰੋਤੇ ਕੀਲੇ ਹੋਏ ਬੈਠੇ ਸਨ। ਮੈਂ ਆਖਿਆ :

"ਖ਼ਤ 'ਤੇ ਲਿਖੇ ਸੰਬੋਧਨ ਤੋਂ ਨਾ ਖ਼ੁਸ਼ ਹੋਵੋ
ਦਿਲ 'ਤੇ ਲਿਖੇ ਨਾਂ ਵੀ ਲੋਕ ਮੁਕਰ ਜਾਂਦੇ ਨੇ।
ਫਿਰ ਵੀ ਤੇਰਾ ਘਰ ਕਿਉਂ ਸਾਨੂੰ ਲੱਭਦਾ ਨਹੀਂ
ਜਦ ਕਿ ਸਾਰੇ ਰਸਤੇ ਤੇਰੇ ਘਰ ਜਾਂਦੇ ਨੇ।"

"ਅਗਲੇ ਸ਼ਾਇਰ ਨੂੰ ਮਿਲਣ ਲਈ ਭਾਵੇਂ ਮੈਨੂੰ ਸਾਹਮਣੇ ਤਾਂ ਕੋਈ ਰਸਤਾ ਨਹੀਂ ਲੱਭਦਾ ਪਿਆ ਪਰ ਮੈਨੂੰ ਆਪਣੀ ਪਿੱਠ ਪਿਛੋਂ ਥੋੜ੍ਹਾ ਥੋੜ੍ਹਾ ਨਿੱਘ ਤੇ ਮਿੱਠਾ ਮਿੱਠਾ ਸੇਕ ਮਹਿਸੂਸ ਹੁੰਦਾ ਪਿਐ ..ਇਹ ਸੇਕ ਹੈ ਖ਼ੂਬਸੂਰਤ ਸ਼ਾਇਰੀ ਦਾ...।"

ਮੇਰੇ ਪਿੱਛੇ ਪਾਕਿਸਤਾਨੀ ਪੰਜਾਬੀ ਸ਼ਾਇਰਾ ਸਰਵਤ ਮੁਹੱਈਉਦੀਨ ਬੈਠੀ ਸੀ। ਉਹਦੀ ਸ਼ਾਇਰੀ ਨਾਲ ਉਹਦੇ ਹੁਸਨ ਦੇ ਸੇਕ ਨੂੰ ਆਪਣੇ ਮਨੋਂ ਜੋੜ ਕੇ ਸਰੋਤਿਆਂ ਨੇ ਤਾੜੀ ਮਾਰ ਦਿੱਤੀ।

ਸਰਵਤ ਦੇ ਮੂੰਹੋਂ ਫੁੱਲਾਂ ਵਾਂਗ ਕਾਵਿ-ਬੋਲ ਕਿਰਨ ਲੱਗੇ। 'ਵਾਹ ! ਵਾਹ !' ਦੀਆਂ ਆਵਾਜ਼ਾਂ ਉੱਚੀਆਂ ਹੋਈਆਂ।

ਫਿਰ ਹਰਭਜਨ ਸਿੰਘ ਹੁੰਦਲ ਦੀ 'ਨਜ਼ਮ ਦੀ ਖ਼ੁਸ਼ਬੂ' ਚੁਫੇਰੇ ਫੈਲ ਗਈ :

ਪੁੱਛਦੇ ਨੇ ਘਬਰਾਏ ਹੋਏ ਯਾਰ
ਕਿੱਥੇ ਨੇ ਦਿਨ ?
ਮਹਿਬੂਬ ਦੇ ਮੂੰਹ ਵਰਗੇ
ਸਿਆਲ ਦੀ ਕੋਸੀ ਧੁੱਪ ਵਰਗੇ
ਮਕਈ ਦੀ ਰੋਟੀ ਦੇ ਰੰਗ ਤੇ
ਸੁਗੰਧ ਵਰਗੇ...

'ਗੁਆਚੇ ਹੋਏ ਦਿਨਾਂ' ਵਿਚ ਹੁੰਦਲ ਦੀ 'ਲੱਭ ਗਈ' ਕਵਿਤਾ ਨੂੰ ਪਾਕੇ ਸਾਰੇ ਖੁਸ਼ ਸਨ। ਸਮੁੱਚੀ ਫ਼ਿਜ਼ਾ ਵਿਚ ਕਵਿਤਾ ਘੁਲ ਗਈ ਸੀ। ਇਕ ਤੋਂ ਬਾਦ ਇਕ ਸ਼ਾਇਰ... ਚੰਗੀ ਤੋਂ ਚੰਗੀ ਕਵਿਤਾ।

ਹਾਲ ਵਿਚ ਬੈਠੇ ਦਰਸ਼ਨ ਸਿੰਘ ਧਾਲੀਵਾਲ ਤੇ ਉਸਦੇ ਸੰਗੀ-ਸਾਥੀ ਵੀ ਆ ਕੇ ਇਸੇ ਮਹਿਫ਼ਿਲ ਵਿਚ ਸ਼ਰੀਕ ਹੋ ਕੇ ਆਨੰਦ ਲੈ ਰਹੇ ਸਨ। ਦਰਸ਼ਨ ਸਿੰਘ ਧਾਲੀਵਾਲ ਮੇਰੇ ਖੱਬੇ ਹੱਥ ਕੁਰਸੀ 'ਤੇ ਬੈਠਾ ਕਵਿਤਾ ਨੂੰ ਮਾਣ ਰਿਹਾ ਸੀ।

ਬਹੁਤੇ ਕਵੀਆਂ ਨੂੰ ਤਾਂ ਮੈਂ ਜਾਣਦਾ ਹੀ ਸਾਂ ਪਰ ਕੁਝ ਪਰਵਾਸੀ ਕਵੀ ਇਸ਼ਾਰੇ ਨਾਲ ਮੈਥੋਂ ਸਮਾਂ ਮੰਗ ਰਹੇ ਸਨ। ਮਹਿਫ਼ਿਲ ਸਿਖਰ ਵੱਲ ਜਾ ਰਹੀ ਸੀ। ਹਰੇਕ ਸਰੋਤਾ ਕਾਵਿ-ਛਹਿਬਰ ਵਿਚ ਭਿੱਜ ਰਿਹਾ ਸੀ।

ਕੈਨੇਡਾ ਵਾਸੀ, ਖ਼ੂਬਸੂਰਤ ਆਵਾਜ਼ ਦੇ ਮਾਲਿਕ ਨੌਜਵਾਨ ਸ਼ਾਇਰ ਸੁਰਜੀਤ ਮਾਧੋਪੁਰੀ ਨੇ ਤਰਾਨਾ ਸ਼ੁਰੂ ਕੀਤਾ। ਉਹਦੀ ਆਵਾਜ਼ ਗੂੰਜੀ। ਇਕ ਰੰਗ ਬੱਝ ਗਿਆ। ਉਹ ਦਰਸ਼ਨ ਸਿੰਘ ਧਾਲੀਵਾਲ ਬਾਰੇ ਪ੍ਰਸੰਸਾ-ਗੀਤ ਗਾ ਰਿਹਾ ਸੀ। ਗੀਤ ਖ਼ਤਮ ਹੋਇਆ ਤਾਂ ਮੈਂ ਟਿੱਪਣੀ ਕਰਦਿਆਂ ਆਖਿਆ :

"ਭਾਵੇਂ ਕਿ ਮੈਂ ਵਿਅਕਤੀਆਂ ਲਈ ਗਾਏ ਜਾਣ ਵਾਲੇ ਸਿਫ਼ਤੀ ਗੀਤਾਂ ਦਾ ਏਨਾ ਪ੍ਰਸੰਸਕ ਨਹੀਂ ਹਾਂ ਪਰ ਸਾਡੇ ਵਿਚ ਬੈਠਾ ਦਰਸ਼ਨ ਸਿੰਘ ਧਾਲੀਵਾਲ ਨਾਂ ਦਾ ਇਹ ਬੰਦਾ ਕੇਵਲ ਇਕ ਵਿਅਕਤੀ ਨਹੀਂ ਸਗੋਂ ਆਪਣੇ ਕੰਮਾਂ ਕਰਕੇ ਤੇ ਪੰਜਾਬ ਪਿਆਰ ਕਾਰਨ ਉਹ ਅੱਜ ਪੰਜਾਬ, ਪੰਜਾਬੀ ਤੇ ਪੰਜਾਬੀਅਤ ਦਾ ਪ੍ਰਤੀਨਿਧ ਬਣਕੇ ਉਭਰਿਆ ਹੈ। ਉਹਦੀ ਪ੍ਰਸੰਸਾ ਇਕ ਵਿਅਕਤੀ ਦੀ ਪ੍ਰਸੰਸਾ ਨਹੀਂ ਸਗੋਂ ਸਮੁੱਚੇ ਪੰਜਾਬੀ ਭਾਈਚਾਰੇ ਦੀ ਪ੍ਰਸੰਸਾ ਹੈ। ਇਸ ਲਈ ਇਹ ਗੀਤ



Sri Satguru Jagjit Singh Ji eLibrary NamdhariElibrary@gmail.com

ਕੇਵਲ ਦਰਸ਼ਨ ਸਿੰਘ ਧਾਲੀਵਾਲ ਲਈ ਨਹੀਂ ਸਗੋਂ ਸਾਡੇ ਤੁਹਾਡੇ ਸਭ ਲਈ ਗਾਇਆ ਗੀਤ ਹੈ...।"

ਮੇਰੀ ਗੱਲ ਦੀ ਪ੍ਰੋੜ੍ਹਤਾ ਵਜੋਂ ਹੁਲਾਸ ਵਿਚ ਭਰ ਕੇ ਮਹਿਫ਼ਿਲ ਵਿਚ ਜੁੜੇ ਲੋਕਾਂ ਨੇ ਭਰਪੂਰ ਤਾੜੀਆਂ ਮਾਰੀਆਂ।

ਮੈਂ ਅਗਲੇ ਕਵੀ ਨੂੰ ਕਵਿਤਾ ਪੜ੍ਹਣ ਦਾ ਸੱਦਾ ਦਿੱਤਾ, "ਅੱਜ ਤੋਂ ਕੋਈ ਦੋ ਢਾਈ ਦਹਾਕੇ ਪਹਿਲਾਂ ਅੰਮ੍ਰਿਤਸਰ ਦੇ ਟਾਊਨ ਹਾਲ ਵਿਚ ਹੋ ਰਹੇ ਇਕ ਕਵੀ ਦਰਬਾਰ ਸਮੇਂ ਮੈਂ ਇਕ ਅਜਿਹੀ ਸੋਹਣੀ ਕੁੜੀ ਨੂੰ ਤੱਕਿਆ ਜਿਸਨੇ ਹਾਲ ਵਿਚ ਪ੍ਰਵੇਸ਼ ਕਰਕੇ ਆਪਣੀ ਖ਼ੂਬਸੂਰਤੀ ਨਾਲ ਸਾਰਾ ਹਾਲ ਜਗ-ਮਗਾ ਦਿੱਤਾ ਸੀ। ਫਿਰ ਵਰ੍ਹਿਆਂ ਤੱਕ ਉਸਨੂੰ ਦੇਖਣ ਸੁਣਨ ਦੀ ਤਾਂਘ ਮਨ ਵਿਚ ਰੱਖੀ ਪਰ ਪੂਰੀ ਨਾ ਹੋ ਸਕੀ। ਅੱਜ ਉਹੋ ਕੁੜੀ ਇਕ ਸ਼ਾਇਰਾ ਦੇ ਰੂਪ ਵਿਚ ਜੋਤ ਵਾਂਗ ਜਗਦੀ ਸ਼ਾਇਰੀ ਨੂੰ ਲੈ ਕੇ ਸਾਡੇ ਸਨਮੁਖ ਹੈ... ਜਿਸ ਦਾ ਨਾਂ ਹੈ... ਅਮਰ ਜਿਉਤੀ।"

ਸਰੋਤਿਆਂ ਦੇ ਚਿਹਰਿਆਂ ਉੱਪਰ ਇਕ ਰੱਜੀ ਹੋਈ ਮੁਸਕਾਨ ਸੀ। ਕੁਰਸੀਆਂ ਤੋਂ ਵਧ ਗਏ ਸਰੋਤੇ ਅਖਾੜੇ ਦੁਆਲੇ ਭੀੜ ਵਾਂਗ ਮੰਤਰ-ਮੁਗਧ ਜੁੜੇ ਖੜੋਤੇ ਸਨ। ਅਮਰ ਜਿਉਤੀ ਨੇ ਡਾਇਰੀ ਖੋਲ੍ਹ ਕੇ ਗੱਲ ਸ਼ੁਰੂ ਕੀਤੀ;

"ਪਹਿਲੀ ਕਵਿਤਾ ਤਾਂ ਮੈਂ ਸੰਧੂ ਸਾਅਬ ਦੀ ਉਸ ਟਿੱਪਣੀ ਬਾਰੇ ਸੁਣਾਵਾਂਗੀ ਜੋ ਉਹਨਾਂ ਨੇ ਢਾਈ ਦਹਾਕੇ ਪਹਿਲਾਂ ਦੀ ਖ਼ੂਬਸੂਰਤ ਕੁੜੀ ਬਾਰੇ ਕੀਤੀ ਹੈ...।"

ਸਰੋਤਿਆਂ ਦੀਆਂ ਧੌਣਾਂ ਸਿੱਧੀਆਂ ਤੇ ਕੰਨ ਖੜੇ ਹੋ ਗਏ।

ਭੀੜ ਵਿਚੋਂ ਨੀਵੇਂ-ਲੱਕ ਹੁੰਦਾ ਇਕ ਸਵਾ-ਛੇ-ਫ਼ੁੱਟਾ ਗੱਭਰੂ ਮੇਰੇ ਪਿਛੇ ਆਕੇ ਕੰਨ ਵਿਚ ਹੌਲੀ ਜਿਹੀ ਕਹਿਣ ਲੱਗਾ, "ਭਾ ਜੀ! ਰਤਾ ਗੱਲ ਸੁਣਿਓਂ...।"

ਮੈਂ ਸੋਚਿਆ, "ਐਸ ਵੇਲੇ ਇਸਨੂੰ ਮੇਰੇ ਨਾਲ ਕੀ ਕੰਮ ਹੋਵੇਗਾ?"

ਸਰੋਤੇ ਅਮਰ ਜਿਉਤੀ ਦੇ ਕਵਿਤਾ-ਪਾਠ ਵਿਚ ਖੁਭੇ ਹੋਏ ਸਨ ਇਸ ਲਈ ਮੈਂ ਉਸਨੂੰ ਉਥੇ ਬੈਠੇ ਬੈਠੇ ਹੀ ਕੁਝ ਪੁੱਛਣ ਦੀ ਥਾਂ ਹੌਲੀ ਜਿਹੀ ਉੱਠ ਕੇ ਤੁਰ ਪਿਆ। ਉਸਨੇ ਮੈਨੂੰ ਮਹਿਫ਼ਿਲ ਤੋਂ ਥੋੜ੍ਹਾ ਪਾਸੇ ਕਰਕੇ ਹੋਟਲ ਦੇ ਪਿਛਵਾੜੇ ਲਾਅਨ ਵਿਚ ਚੱਲਣ ਲਈ ਕਿਹਾ। ਉਹਦੇ ਨਾਲ ਉਨ੍ਹਾਬੀ ਪੱਗ ਵਾਲਾ ਉਹ ਅਜਨਬੀ ਬੰਦਾ ਵੀ ਸੀ ਜਿਸਨੇ ਮਹਿਫ਼ਿਲ ਸ਼ੁਰੂ ਹੋਣ ਤੋਂ ਪਹਿਲਾਂ ਦੋ ਵਾਰ ਕਿਸੇ ਨੂੰ ਕਵਿਤਾ ਸੁਨਾਉਣ ਦਾ ਸੱਦਾ ਦਿੱਤਾ ਸੀ।

ਮੈਂ ਹੈਰਾਨ ਕਿ ਇਹਨਾਂ ਨੇ ਕੀ ਗੱਲ ਕਰਨੀ ਹੈ?

"ਤੁਸੀਂ ਦਰਸ਼ਨ ਸਿੰਘ ਧਾਲੀਵਾਲ ਨੂੰ 'ਬੰਦਾ' ਕਿਉਂ ਆਖਿਐ?" ਉਸ ਲੰਮੇ ਨੌਜੁਆਨ ਨੇ, ਜੋ ਦਾਰੂ ਵਿਚ ਗੁਟ ਸੀ, ਮੈਨੂੰ ਆਖਿਆ।

ਬੜਾ ਅਜੀਬ ਸਵਾਲ ਸੀ! ਮੈਂ ਕੀ ਜੁਆਬ ਦਿੰਦਾ! ਮੈਨੂੰ ਉਸਦੀ ਮੂਰਖਤਾ 'ਤੇ ਖਿਝ ਆਈ।

"ਤੁਸੀਂ 'ਬੰਦਾ' ਆਖ ਕੇ ਉਸਦੀ ਬੇਇਜ਼ਤੀ ਕੀਤੀ ਹੈ...ਸਾਡੀ ਸਭ ਦੀ ਬੇਇਜ਼ਤੀ ਕੀਤੀ ਹੈ...।" ਉਹ ਬੋਲ ਤਾਂ ਧੀਮੀ ਆਵਾਜ਼ ਹੀ ਰਿਹਾ ਸੀ...ਮਸਾਂ ਮੇਰੇ ਕੰਨਾਂ ਤੱਕ ਪਹੁੰਚਦੀ ਆਵਾਜ਼ ਵਿਚ...ਪਰ ਉਹਦੇ ਬੋਲਾਂ ਵਿਚਲਾ ਰੁੱਖਾ-ਪਨ ਬਹੁਤ 'ਉੱਚਾ' ਸੀ।

"ਭਾਈ ਸਾਹਿਬ! 'ਬੰਦਾ' ਕਹਿਣ ਦੇ ਨਾਲ ਜੋ ਕੁਝ ਹੋਰ ਮੈਂ ਉਸ ਬਾਰੇ ਕਿਹਾ ਹੈ...ਉਸਨੂੰ ਸਮਝਣ ਦੀ ਕੋਸ਼ਿਸ਼ ਕਰੋ...।" ਮੈਨੂੰ ਧਾਲੀਵਾਲ ਦੇ ਅਜਿਹੇ ਮੂਰਖ ਵਫ਼ਾਦਾਰ ਪ੍ਰਸੰਸਕ ਬਾਰੇ ਸੋਚ ਕੇ ਗੁੱਸਾ ਚੜ੍ਹ ਰਿਹਾ ਸੀ।

ਪਰ ਉਸ ਉਤੇ ਮੇਰੇ ਸਪਸ਼ਟੀਕਰਨ ਦਾ ਕੋਈ ਅਸਰ ਨਹੀਂ ਸੀ ਹੋ ਰਿਹਾ। ਉਹ ਕਦੀ ਮੇਰੇ ਸੱਜੇ ਪਾਸੇ ਹੋਵੇ, ਕਦੀ ਖੱਬੇ ਪਾਸੇ। ਨਾਲ ਦੀ ਨਾਲ ਕਹੀ ਜਾਵੇ, "ਬੰਦਾ?...ਉਹ ਬੰਦੇ?...ਤੁਹਾਡਾ ਫ਼ਰਜ਼ ਸੀ ਉਹਨੂੰ ਵੀਰ ਕਹਿ ਲੈਂਦੇ... ਭਰਾ ਕਹਿ ਲੈਂਦੇ।...ਪਰ ਤੂੰ ਉਸਨੂੰ 'ਬੰਦਾ' ਆਖਿਐ?"

ਉਹ 'ਤੁਸੀਂ' ਤੋਂ 'ਤੂੰ' 'ਤੇ ਆ ਗਿਆ ਸੀ।

ਉਨ੍ਹਾਬੀ ਪੱਗ ਵਾਲਾ ਅਜਨਬੀ ਉਹਦੇ ਨਾਲ ਤਮਾਸ਼ਬੀਨ ਬਣਕੇ ਚੁੱਪ-ਚਾਪ ਖੜੋਤਾ ਸੀ। ਉਸਨੇ ਕੇਵਲ ਇਕ ਵਾਰ ਮੈਨੂੰ ਕਿਹਾ, "ਜੋ ਕੁਝ ਇਹ ਕਹਿੰਦੇ.. ਧਿਆਨ ਨਾਲ ਸੁਣੋ...।"

ਏਨੇ ਚਿਰ ਨੂੰ ਦੋ-ਚਾਰ ਬੰਦੇ ਹੋਰ ਮਹਿਫ਼ਿਲ ਵਿਚੋਂ ਉੱਠ ਕੇ ਜਦੋਂ ਸਾਡੇ ਵੱਲ ਆ ਰਹੇ ਵੇਖੇ ਤਾਂ ਉਹਨਾਂ ਨੂੰ ਦੇਖਦਿਆਂ ਹੀ ਉਹ ਨੌਜੁਆਨ ਚੇਤਾਵਨੀ ਦੇ ਕੇ ਆਪਣੇ ਸਾਥੀ ਸਮੇਤ ਅੰਦਰ ਨੂੰ ਤੁਰ ਗਿਆ, "ਸਾਡੇ 'ਚ ਏਨੀ ਤਾਕਤ ਹੈ ਕਿ ਖੜੇ ਖੜੋਤੇ ਬੰਦੇ ਨੂੰ ਧਰਤੀ 'ਚ ਗ਼ਾਇਬ ਕਰ ਦੇਈਏ..।"

ਮੈਂ ਹੈਰਾਨ ਪਰੇਸ਼ਾਨ ਹੋਇਆ ਖੜੋਤਾ ਸਾਂ। ਇਹ ਸਾਰਾ ਕੁਝ ਏਨੇ ਘੱਟ ਸਮੇਂ ਵਿਚ ਵਾਪਰਿਆ ਕਿ ਮੈਨੂੰ ਖੁਲ੍ਹਕੇ ਗੱਲ ਕਰਨ ਦਾ ਮੌਕਾ ਨਾ ਮਿਲਿਆ।

ਪਹਿਲੀ ਵਾਰ ਮੈਨੂੰ ਪਰਦੇਸੀ ਹੋਣ ਦਾ ਅਨੁਭਵ ਬਹੁਤ



Sri Satguru Jagjit Singh Ji eLibrary NamdhariElibrary@gmail.com

ਸ਼ਿੱਦਤ ਨਾਲ ਹੋਇਆ । ਨਵੇਂ ਆਏ ਬੰਦੇ ਮੈਨੂੰ ਪੁੱਛਣ ਲੱਗੇ, "ਕੀ ਗੱਲ ਹੋਈ ਐ ?"

ਇਹ ਸਾਰੇ ਉਹ ਲੋਕ ਸਨ ਜੋ ਦਰਸ਼ਨ ਸਿੰਘ ਧਾਲੀਵਾਲ ਦੇ ਨਜ਼ਦੀਕੀ ਦਾਇਰੇ ਦੇ ਸਨ । ਮੇਜ਼ਬਾਨੀ ਦਾ ਰੋਲ ਨਿਭਾਉਣ ਵਾਲੇ, ਸੇਵਾ-ਪਾਣੀ ਪੁੱਛਣ ਵਾਲੇ । ਆਪ-ਣੀਆਂ ਕਾਰਾਂ 'ਚ ਇਕ ਥਾਂ ਤੋਂ ਦੂਜੀ ਥਾਂ ਡੈਲੀਗੇਟਾਂ ਨੂੰ ਘੁਮਾਉਣ ਵਾਲੇ । । ਸੁਹਿਰਦ ਤੇ ਸੇਵਾ ਭਾਵ ਵਾਲੇ ।

ਮੈਂ ਉਹਨਾਂ ਨੂੰ ਸਾਰੀ ਗੱਲ ਦੱਸੀ ।

"ਜਦੋਂ ਉਹ ਤੁਹਾਨੂੰ ਉਠਾ ਕੇ ਏਧਰ ਨੂੰ ਤੁਰਿਆ ਤਾਂ ਸਾਨੂੰ ਖੁੜਕ ਗਈ ਸੀ ਕਿ ਕੋਈ ਨਾ ਕੋਈ ਗੱਲ ਜ਼ਰੂਰ ਹੈ ਜਿਹੜਾ ਉਹ ਤੁਹਾਨੂੰ ਲੈ ਕੇ ਇਧਰ ਆ ਗਿਐ। ..ਉਧਰ ਮਹਿਫ਼ਿਲ ਵਾਲੇ ਪੁੱਛਦੇ ਫਿਰਦੇ ਨੇ ਤੁਹਾਡੇ ਬਾਰੇ ਕਿ ਤੁਸੀਂ ਕਿਧਰ ਗਵਾਚ ਗਏ ਹੋ ..ਅਸੀਂ ਤਦੇ ਏਧਰ ਆਏ ਹਾਂ ...।"

ਉਹਨਾਂ ਵਿਚੋਂ ਇਕ ਨੇ ਆਖਿਆ ।

ਫਿਰ ਉਹ ਸਾਰੇ ਹੀ ਵਾਰੀ ਵਾਰੀ ਕਹਿਣ ਲੱਗੇ, "ਉਸਨੇ ਚੰਗਾ ਨਹੀਂ ਕੀਤਾ .. ਬਹੁਤ ਮਾੜਾ ਕੀਤੈ ।...ਉਸ ਵੰਡੇ ਦੀ ਅਸੀਂ ਤੁਹਾਡੇ ਤੋਂ ਮੁਆਫ਼ੀ ਮੰਗਦੇ ਆਂ...ਉਹਨੇ ਬਹੁਤ ਮੂਰਖਤਾ ਕੀਤੀ ਐ...ਤੁਸੀਂ ਮਨ 'ਤੇ ਕੋਈ ਗੱਲ ਨਾ ਲਿਆਵੋ...ਪਲੀਜ਼...।"

ਇਕ ਨੇ ਮੇਰੇ ਹੱਥ ਫੜਕੇ ਪਿਆਰ ਨਾਲ ਘੁੱਟ ਲਏ ਤੇ ਪਲੋਸਣ ਲੱਗਾ ।

"ਭਾਈ ਸਾਹਿਬ ! ਇਸ ਵਿਚ ਤੁਹਾਡਾ ਕੀ ਕਸੂਰ ਐ...ਤੁਸੀਂ ਕਿਉਂ ਮੁਆਫ਼ੀ ਮੰਗਦੇ ਓ ?' ਮੇਰਾ ਮਨ ਭਰਿਆ ਪਿਆ ਸੀ ਤੇ ਜ਼ਖ਼ਮੀ ਗੈਰਤ ਹੁੰਗਾਰ ਰਹੀ ਸੀ। ਉਹਨਾਂ ਦੀ ਮੁਆਫ਼ੀ ਹੁਣ ਮੇਰਾ ਕੁਝ ਨਹੀਂ ਸੀ ਸਵਾਰ ਸਕਦੀ ।

ਇਕ ਦਮ ਕਿਧਰੋਂ ਬਲਦੇਵ ਧਾਲੀਵਾਲ ਵੀ ਆ ਨਿਕਲਿਆ । ਸਾਡੀਆਂ ਗੱਲਾਂ ਸੁਣਕੇ ਉਹਨਾਂ ਨੂੰ ਕਹਿੰਦਾ, "ਇਹ ਤਾਂ ਭਾਈ ਸਾਡਾ ਸਟਾਰ ਕਹਾਣੀਕਾਰ ਐ...।"

ਉਹ ਸਾਰੇ ਬਾਰ ਬਾਰ ਮੇਰੇ ਕੋਲੋਂ ਮੁਆਫ਼ੀ ਮੰਗ ਰਹੇ ਸਨ । ਮੈਨੂੰ ਹਮਦਰਦੀ ਦੀ ਮਲ੍ਹਮ ਲਾ ਰਹੇ ਸਨ ।

ਪਰ ਮੈਂ ਸੋਚ ਰਿਹਾ ਸਾਂ ਕਿ ਕਿਤੇ ਵਾਕਿਆ ਹੀ ਇਹ ਬੰਦਾ ਦੇਸ਼ ਭਗਤ ਯਾਦਗਾਰ ਹਾਲ ਦੇ ਸਮਾਗਮ ਵਿਚ ਹੁੰਦਾ ਤੇ ਫਿਰ ਮੈਨੂੰ ਭਲਾ ਕੁਝ ਆਖ ਕੇ ਵਿਖਾਉਂਦਾ !!!

(ਚਲਦਾ)






Sri Satguru Jagjit Singh Ji eLibrary NamdhariElibrary@gmail.com

# ਪੈਂਤੀ ਅੱਖਰੀ

ਇਹ ਪੈਂਤੀ ਅੱਖਰੀ ਪੰਜਾਬੀ ਸੀਹਰਫ਼ੀ ਪਰੰਪਰਾ ਵਿਚ "ਅਲੀ ਸ਼ੇਰ" ਉਪਨਾਊਂ ਰਹਿਤ ਲਿਖੀ ਜਾ ਰਹੀ ਹੈ। ਮੈਥੋਂ
ਨੌਵੀਂ ਪੀੜੀ ਉੱਪਰ ਵਲ ਇਹ ਮੇਰਾ ਪੁਰਖਾ ਬੜਾ ਪਰਾਕਰਮੀ ਅਤੇ ਪਰਉਪਕਾਰੀ ਸੀ। ਇਸ ਦੇ ਕੁਆਰੇ ਛੋਟੇ ਭਾਈ ਤੋਂ ਖ਼ੂਨ
ਹੋ ਗਿਆ ਸੀ ਜਿਸਦਾ ਨਾਂ ਦਿਆਲ ਜਾਂ ਲਾਲ ਚੰਦ ਸੀ। ਅਲੀ ਸ਼ੇਰ ਉਹਦੀ ਜੱਦ ਟੋਰਨ ਲਈ ਇਕਬਾਲੀ ਹੋ ਫ਼ਾਹੇ ਲੱਗ
ਗਿਆ। ਇਸੇ ਲਾਲ ਚੰਦ ਦੀ ਛੇਵੀਂ ਪੀੜ੍ਹੀ ਹੇਠਾਂ ਵੱਲ ਨਨਕਾਣਾ ਸਾਹਿਬ ਸਾਕੇ ਦਾ ਹੀਰੋ ਕਰਤਾਰ ਸਿੰਘ ਝੱਬਰ ਸੀ। ਵਿਰਕਾਂ
ਵਿਚ ਵੱਡੇ ਪੁੱਤਰ ਦਾ ਨਾਂ ਅਲੀ ਸ਼ੇਰ ਰੱਖਣ ਦਾ ਰਿਵਾਜ ਸੀ। ਉਸੇ ਬਜ਼ੁਰਗ ਦੀ ਯਾਦ ਨੂੰ ਸਮਰਪਿਤ ਹੈ ਇਹ 'ਪੈਂਤੀ ਅੱਖਰੀ'।

**—ਸੁਵਰਨ ਸਿੰਘ 'ਵਿਰਕ'**

ਊੜਾ ਉੱਠ ਤੇ ਸਿਮਰ ਮਨਾ ਸੱਜਣ, ਭੁੱਲੀ ਜਿੰਦ ਭੁਆਟੀਆਂ ਖਾਂਦਿਆਂ ਦੀ।
ਦਿਨ ਕੂੰਜ ਦੇ ਵਾਂਗ ਕੁਰਲਾਦਿਆਂ ਦੇ, ਤਾਰੇ ਗਿਣਕੇ ਰਾਤਾਂ ਲੰਘਾਂਦਿਆਂ ਦੀ।
ਮਾਰੀ ਸੁਰਤ ਜਹਾਨ ਦੀ ਮੱਤ ਜਾਂਦੀ, ਇਸ ਪੰਧ ਉਤੇ ਪੈਰ ਪਾਂਦਿਆਂ ਦੀ।
"ਅਲੀ ਸ਼ੇਰ" ਨਾ ਮਿੱਟੀ 'ਚੋਂ ਲਾਲ ਲੱਭੇ, ਉਮਰ ਬੀਤ ਗਈ ਖੇਹ ਉਡਾਂਦਿਆਂ ਦੀ। ੧।

......

ਐੜਾ ਐਤਕੀਂ ਵੀ ਤੇਰੇ ਉਹ ਲਾਰੇ, ਕਿਹੜੀ ਗੱਲ ਤੇ ਦੱਸ ਇਤਬਾਰ ਕਰੀਏ।
ਭਰੀ ਸੂਕਦੀ ਹਿਜਰ ਝਨਾਂ ਸਾਂਹਵੇਂ, ਕਿਹੜੇ ਘੜੇ ਉਤੇ ਇਸਨੂੰ ਪਾਰ ਕਰੀਏ।
ਭੌਰੇ ਚੂਰੀਆਂ ਦੇ ਚੁਗਦੇ ਫਿਰਨ ਕੇਦੋਂ, ਕਿਵੇਂ ਇਸ਼ਕ ਉਤੇ ਨਵਾਂ ਵਾਰ ਕਰੀਏ।
"ਅਲੀ ਸ਼ੇਰ" ਮੇਲਾ ਬੜਾ ਜੱਗ ਦਾ ਏ, ਬੇਲੀ ਮਿਲਣ ਤਾਂ ਫੇਰ ਬਹਾਰ ਕਰੀਏ। ੨।

......

ਈੜੀ ਇੱਕ ਵੀ ਦਿਨ ਲੰਘਾਉਣ ਔਖਾ, ਕਿਵੇਂ ਕੱਟੀਏ ਸਾਲ ਮਹੀਨਿਆਂ ਨੂੰ।
ਨਹੀਂ ਪਾਰਖੂ ਜਿਹਨਾਂ ਦੀ ਅੱਖ ਹੁੰਦੀ, ਦਿੰਦੇ ਮਿੱਟੀ 'ਚ ਰੋਲ ਨਗੀਨਿਆਂ ਨੂੰ।
ਦਾਨਸ਼ਵਰਾਂ ਨੂੰ ਕੋਈ ਨਾ ਪੁੱਛਦਾ ਏ, ਤਾਜ ਮਿਲਦੇ ਪਏ ਕਮੀਨਿਆਂ ਨੂੰ।
"ਅਲੀ ਸ਼ੇਰ" ਪਈ ਬਿਰਹੋਂ ਦੀ ਭੱਠ ਬਲਦੀ, ਜ਼ਰਾ ਫੋਲ ਵੇਖੀਂ ਇਹਨਾਂ ਸੀਨਿਆਂ ਨੂੰ। ੩।

......

ਸੱਸਾ ਸੱਪ ਦਾ ਡੰਗਿਆ ਬਚ ਜਾਂਦਾ, ਨਹੀਂ ਬਚਦਾ ਇਸ਼ਕ ਦਾ ਡੰਗਿਆ ਜੇ।
ਜੀਹਦੇ ਸੀਨੇ 'ਚ ਨੈਣ ਕਟਾਰ ਖੁੱਭੇ, ਉਹਨੇ ਫੇਰ ਕਿਸ ਤੋਂ ਪਾਣੀ ਮੰਗਿਆ ਜੇ।
ਦੁੱਖ ਪੁੱਛੀਏ ਆਸ਼ਕਾਂ ਸਾਦਕਾਂ ਦਾ, ਜੇਕਰ ਹੋਏ ਜਾਂਦਾ ਦੁਖ ਵੰਡਿਆ ਜੇ।
"ਅਲੀ ਸ਼ੇਰ" ਉਦਾਸੀਆਂ ਛਾ ਗਈਆਂ, ਮਨ ਕਿਹੜਿਆਂ ਰੰਗਾਂ 'ਚ ਰੰਗਿਆ ਜੇ। ੪।

......!



Sri Satguru Jagjit Singh Ji eLibrary NamdhariElibrary@gmail.com

ਹਾਹਾ ਹੱਕ ਨਾ ਮੰਗਿਆਂ ਕਦੇ ਮਿਲਦੇ, ਹੱਕ ਲੈਣ ਲਈ ਖ਼ੁਦੀ ਤੋਂ ਦੂਰ ਹੋ ਜਾ।
ਜਿੱਥੋਂ ਮਿਲਦੀਆਂ ਚਿਣਗ ਚੁਆਤੀਆਂ ਨੇ, ਲੈਕੇ ਚਿਣਗ ਕੋਈ ਨੂਰੋ ਨੂਰ ਹੋ ਜਾ।
ਕਾਣੀ ਡੰਡੀ ਅਧੂਰੇ ਵਿਚਾਰ ਦੀ ਏ, ਪੂਰਾ ਪਾਸਕੂ ਬੰਨ੍ਹ ਕੇ ਪੂਰ ਹੋ ਜਾ।
"ਅਲੀ ਸ਼ੇਰ" ਰੱਖੀਂ ਮਾਣ ਸੂਲੀਆਂ ਦਾ, ਆਵੀਂ ਨੱਚਦਾ ਗਾਉਂਦਾ ਮਨਸੂਰ ਹੋ ਜਾ। ੫

......

ਕੱਕਾ ਕੱਖ ਨਾ ਉਹਨਾਂ ਦੇ ਰਹੇ ਪੱਲੇ, ਡਿੱਗ ਪਏ ਜਿਹੜੇ ਨਜ਼ਰਾਂ ਤੇਰੀਆਂ 'ਚੋਂ।
ਔਖਾ ਨੈਣਾਂ ਦੀ ਨਦੀ 'ਚੋਂ ਪਾਰ ਜਾਣਾ, ਨਿਕਲ ਸਕਦੇ ਨਹੀਂ ਘੁੰਮਣ ਘੇਰੀਆਂ 'ਚੋਂ।
ਸੁੰਦਰ ਚਿਹਰਿਆਂ ਜਹੇ ਦਿਹੁੰ ਚੜ੍ਹਨੇ, ਲੰਘ ਆ ਜਾ ਰਾਤਾਂ ਹਨੇਰੀਆਂ 'ਚੋਂ।
"ਅਲੀ ਸ਼ੇਰ" ਇਹ ਬਰਕਤਾਂ ਤੇਰੀਆਂ ਨੇ, ਕੀੜੇ ਕੱਢ ਨਾ ਗਲਤੀਆਂ ਮੇਰੀਆਂ 'ਚੋਂ। ੬।

......

ਖੱਖਾ ਖਿਆਲੀ ਪਲਾਉ ਬਨਾਉਣ ਬੈਠੇ, ਬਿਨਾਂ ਚਾਸ ਤੋਂ ਬਣਨ ਕੜਾਹ ਕਾਹਦਾ।
ਪੱਤ ਵਾਸਤੇ ਸ਼ਾਹ ਦੀ ਲੋੜ ਹੁੰਦੀ, ਪੱਤ ਕੱਜਦਾ ਨਹੀਂ ਉਹ ਸ਼ਾਹ ਕਾਹਦਾ।
ਵੇਲਾ ਵਖਤ ਵਿਚਾਰ ਕੇ ਤੁਰੇ ਜਿਹੜਾ, ਦੀਨ ਦੁਨੀਆ ਤੋਂ ਬੇਪ੍ਰਵਾਹ ਕਾਹਦਾ।
*"ਅਲੀ ਸ਼ੇਰ" ਮੋਇਆਂ ਤਾਈਂ ਮਾਰਦੇ ਹੋ, ਵਾਲੀ ਜੱਗ ਸਦਾਉਣ ਦਾ ਰਾਹ ਕਾਹਦਾ। ੭।*

......

ਗੱਗਾ ਗੜੇ ਗਰੀਬ ਦੀ ਵਰ੍ਹਨ ਖੇਤੀ, ਦਿਲ ਟੁੱਟਦਾ ਜਦੋਂ ਨਿਮਾਣਿਆਂ ਦਾ।
ਜ਼ੋਰਾਵਰ ਦੇ ਅੱਗੇ ਨਾ ਜੋਰ ਚੱਲੇ, ਕਾਹਦਾ ਹੁੰਦਾ ਏ ਤਾਣ ਨਿਤਾਣਿਆਂ ਦਾ।
ਮੰਡ੍ਹ ਚਾਰ ਕੇ ਜੱਟਾਂ ਦਾ ਪੁੱਤ ਆਖੇ, ਪਿਆ ਮੁੱਲ ਕੀ ਘੱਟਿਆਂ ਛਾਣਿਆਂ ਦਾ।
"ਅਲੀ ਸ਼ੇਰ" ਸਾਬਤ ਰਹਿਣਾ ਬੜਾ ਔਖਾ, ਜਦੋਂ ਚੱਲਦਾ ਵਾਰ ਜਰਵਾਣਿਆਂ ਦਾ। ੮।

......

ਘੱਗਾ ਘਰ ਦਾ ਰਹਿੰਦਾ ਨਾ ਘਾਟ ਦਾ ਉਹ, ਚੜ੍ਹ ਗਿਆ ਪ੍ਰੇਮ ਦਾ ਰੰਗ ਜਿਹਨੂੰ।
ਖ਼ਬਰਾਂ ਆਲ ਪਤਾਲ ਦੀਆਂ ਫਿਰੇ ਲੈਂਦਾ, ਚੜ੍ਹੀ ਅੱਖੀਆਂ ਦੀ ਹੋਵੇ ਭੰਗ ਜਿਹਨੂੰ।
ਉਹਨੂੰ ਕਿਸੇ ਨੇ ਹੋਰ ਕੀ ਤੰਗ ਕਰਨਾ, ਕੀਤਾ ਇਸ਼ਕ ਦੇ ਭੂਤ ਨੇ ਤੰਗ ਜਿਹਨੂੰ।
"ਅਲੀ ਸ਼ੇਰ" ਏਧਰ ਪਾਵੇ ਪੈਰ ਨਾ ਉਹ, ਆਵੇ ਜੱਗ ਜਹਾਨ ਤੋਂ ਸੰਗ ਜਿਹਨੂੰ। ੯।

......

ਙੰਙਾ ਙੰਗਣਾ[1] ਪਹਿਨ ਫ਼ਕੀਰ ਵਾਲਾ, ਫ਼ਿਕਰ ਦਿਲ ਵਿਚੋਂ ਸਾਰਾ ਮਾਰਨਾ ਜੇ।
ਘੋੜਾ ਮਨ ਦੁੜੰਗੀਆਂ ਪਿਆ ਲਾਵੇ, ਚਾਬਕ ਗਿਆਨ ਦੇ ਨਾਲ ਖਲ੍ਹਾਰਨਾ ਜੇ।
ਚਾਰੋ ਚਸ਼ਮ ਦੀ ਜਦੋਂ ਘਮਸਾਨ ਹੋਈ, ਕਿਹਨੇ ਜਿੱਤਣਾ ਜੇ ਕਿਹਨੇ ਹਾਰਨਾ ਜੇ।
"ਅਲੀ ਸ਼ੇਰ" ਇਹ ਤੇਰੀਆਂ ਤੂੰ ਜਾਣੇ, ਕਿਹਨੂੰ ਡੋਬਣਾ ਜੇ ਕਿਹਨੂੰ ਤਾਰਨਾ ਜੇ। ੧੦।

......

ਚੱਚਾ ਚੰਦਰੇ ਚਿੱਤ ਦੇ ਕਾਰਨੇ ਹੀ. ਚੱਕਰ ਪਏ ਹਾਂ ਨਿੱਤ ਉਦਾਸੀਆਂ ਦੇ।
ਹਉਕੇ ਮੁੱਕਦੇ ਨਹੀਂ ਹੰਝੂ ਸੁੱਕਦੇ ਨਹੀਂ, ਹੋਰਾਂ ਨਹੀਂ ਕੀਤੇ ਦਰਸ਼ਨ ਹਾਸਿਆਂ ਦੇ।
ਏਸ ਰੋਗ ਦਾ ਨਹੀਂ ਇਲਾਜ ਲੱਭਾ, ਝੋਲੇ ਫੋਲੇ ਨੇ ਬੜੇ ਸੰਨਿਆਸੀਆਂ ਦੇ।
"ਅਲੀ ਸ਼ੇਰ" ਨਾ ਉਹਨਾਂ ਦੀ ਪੈੜ ਲੱਭੇ, ਉੱਡਣ ਵਾਂਗ ਜੋ ਪੰਛੀ ਪਰਵਾਸੀਆਂ ਦੇ। ੧੧।

......



Sri Satguru Jagjit Singh Ji eLibrary NamdhariElibrary@gmail.com

ਛੱਛਾ ਛਾਹ ਬਿਗਾਨੀ ਦੀ ਆਸ ਉਤੇ, ਮੂਰਖ ਸੁਣੀਂਦੇ ਮੁੱਛਾਂ ਮੁਨਾਉਣ ਵਾਲੇ।
ਇਕ ਓਸ ਬਾਝੋਂ ਮੇਲਾ ਨਹੀਂ ਭਰਦਾ, ਭਾਵੇਂ ਆਏ ਸਾਰੇ ਨੱਚਣ ਗਾਉਣ ਵਾਲੇ।
ਮੋਈਆਂ ਮਿੱਟੀਆਂ ਕੋਲੋਂ ਜੁਆਬ ਮੰਗਣ, ਉਚੀ ਵੰਝਲੀ ਦੀ ਸੱਦ ਲਾਉਣ ਵਾਲੇ।
"ਅਲੀ ਸ਼ੇਰ" ਇਸ ਮਤਲਬੀ ਜੱਗ ਵਿਚੋਂ, ਕਿਥੋਂ ਲੱਭੀਏ ਕੌਲ ਪੁਗਾਉਣ ਵਾਲੇ। ੧੨।

...…

ਜੱਜਾ ਜੇ ਨਿਬਾਹੁਣੀ ਨਾ ਤੋੜ ਹੋਵੇ, ਪਹਿਲੋਂ ਸੋਚ ਕੇ ਨੈਣ ਮਿਲਾਈਏ ਜੀ।
ਸੌਦੇ ਦਿਲਾਂ ਦੇ ਹੋਣ ਦੁਵੱਲੜੇ ਹੀ, ਸਿਖਰ ਚਾੜ੍ਹ ਨਾ ਪੌੜੀਆਂ ਚਾਈਏ ਜੀ।
ਪੀਂਘਾਂ ਸਭ ਦੀਆਂ ਭੁੰਇ ਤੇ ਆਉਂਦੀਆਂ ਨੇ, ਭਾਵੇਂ ਤੋੜ ਅਸਮਾਨ ਚੜ੍ਹਾਈਏ ਜੀ।
"ਅਲੀ ਸ਼ੇਰ" ਪਿਆਰ ਦੇ ਮਾਰਿਆਂ ਤੇ, ਹੋਰ ਤਿੰਨ ਸੌ ਦੋ ਕੀ ਲਾਈਏ ਜੀ। ੧ ।

......

ਝੱਝਾ ਝੱਖੜਾਂ ਵਿਚ ਨਾ ਬੁਝ ਸਕੇ, ਖੂਨੇ ਦਿਲ ਪਾ ਦੀਪ ਜਗਾਏ ਹੋਏ ਨੇ।
ਬਾਲਣ ਆਪਣੇ ਹੱਡਾਂ ਦਾ ਬਾਲਣੇ ਲਈ, ਅਸਾਂ ਤਨ ਤੰਦੂਰ ਵੀ ਤਾਏ ਹੋਏ ਨੇ।
ਆਉਣ ਵਾਲਿਆਂ ਚਾਵਾਂ ਦੀ ਭਾਲ ਅੰਦਰ, ਬੂਹੇ ਨੈਣਾਂ ਦੇ ਅਜੇ ਖੁਲ੍ਹਵਾਏ ਹੋਏ ਨੇ।
"ਅਲੀ ਸ਼ੇਰ" ਤੂੰ ਉਠ ਕੇ ਵੇਖ ਤੇ ਸਹੀ, ਤੇਰੀ ਕਬਰ ਉਤੇ ਸੱਜਣ ਆਏ ਹੋਏ ਨੇ। ੧੪।

......

ਵੱਵਾ ਵੰਜਣਾ[2] ਏ ਏਥੋਂ ਸਾਰਿਆਂ ਨੇ, ਕੋਈ ਅੱਜ ਤੁਰਿਆ ਕੋਈ ਕੱਲ੍ਹ ਬੇਲੀ।
ਆਉਣ ਜਾਣ ਦੀ ਗੱਲ ਨੇ ਬਣੀ ਹੋਈ ਏ, ਰਹਿ ਜਾਂਦੀ ਏ ਬੰਦੇ ਦੀ ਗੱਲ ਬੇਲੀ।
ਐਸੀ ਗੱਲ ਨਾ ਕਿਸੇ ਨੂੰ ਮੂਲ ਕਰੀਏ, ਸੀਨੇ ਵਿਚ ਕਰੇ ਜਿਹੜੀ ਸੱਲ ਬੇਲੀ।
"ਅਲੀ ਸ਼ੇਰ" ਇਸ ਭੂਮ ਰੰਗਾਵਲੀ ਤੇ, ਬੜੇ ਬੜੇ ਬੈਠੇ ਸੱਥਰ ਮੱਲ ਬੇਲੀ। ੧੫।

......

ਟੈਂਕਾ ਟੋਕਿਆਂ ਰੋਕਿਆਂ ਕੌਣ ਰੁਕਦਾ, ਰੰਗ ਰੱਤੜੇ 'ਚ ਜਿਹੜੇ ਰੱਸਦੇ ਨੇ।
ਬਣੀ ਆਈ ਏ ਜੱਗ ਦੀ ਰੀਤ ਮੁੱਢੋਂ, ਏਥੇ ਸੱਚਿਆਂ ਨੂੰ ਝੂਠੇ ਧੱਸਦੇ ਨੇ।
ਨਹੀਂ ਜਾਣਦੇ ਸਾਰ ਸੰਸਾਰ ਦੀ ਉਹ, ਮੁਲਕ ਮਾਹੀ ਦੇ 'ਚ ਜਿਹੜੇ ਵੱਸਦੇ ਨੇ।
"ਅਲੀ ਸ਼ੇਰ" ਜੋ ਹੋਰਾਂ ਨੂੰ ਹੇਚ ਸਮਝੇ, ਉਹਦੀ ਅਕਲ ਉਤੇ ਲੋਕ ਹੱਸਦੇ ਨੇ। ੧੬।

......

ਠੱਠਾ ਠੱਠਿਆਂ ਬਾਗਿਆਂ ਵਿਚ ਬੀਤੀ, ਏਥੇ ਮਹਿਕ ਨੂੰ ਸਕਿਆ ਫੜ ਕਿਹੜਾ।
ਲੱਥੇ ਹੋਏ ਅਹਿਸਾਸ ਦੀਆਂ ਕੰਦਰਾ 'ਚ ਏਥੇ ਕੌਣ ਚੇਤਨ ਅਤੇ ਜੜ੍ਹ ਕਿਹੜਾ।
ਦਰਸ਼ਨ ਨਿਜ ਸਰੂਪ ਦੇ ਕਰਨ ਬਦਲੇ, ਰਿਹਾ ਰੂਹ ਦੇ ਭੋਰੇ 'ਚ ਵੜ ਕਿਹੜਾ।
"ਅਲੀ ਸ਼ੇਰ" ਖਿਆਲਾਂ ਦੀ ਚਾਂਦਮਾਰੀ, ਕਿੱਥੇ ਹੈ ਨਿੰਮਲ ਅਤੇ ਝੜ ਕਿਹੜਾ। ੧੭।

......

ਡੱਡਾ ਡੋਈ ਖਾਲੀ ਵਾਂਗੂੰ ਭੁੜਕਨਾ ਏਂ, ਸਾਡੀ ਭੁੱਖ ਦੀ ਥਾਹ ਕੀ ਲਾਏਂਗਾ ਤੂੰ।
ਕੱਚੇ ਕੌਲ ਕਰਾਰਾਂ ਦੇ ਕਰਨ ਹਾਰੇ, ਵਿੱਛੜ ਗਿਆਂ ਨੂੰ ਕਿਵੇਂ ਮਿਲਾਏਂਗਾ ਤੂੰ।
ਆਤਮ ਰਸ ਦੇ ਵਿਚ ਵਿਭੋਰ ਹੋਕੇ, ਦੇਹੀ ਨਾਦ ਦੀ ਕਿੰਗ ਵਜਾਏਂਗਾ ਤੂੰ।
"ਅਲੀ ਸ਼ੇਰ" ਤੇਰੇ ਸਾਡੇ ਹਸ਼ਰ ਮੇਲੇ, ਸਾਥੋਂ ਨੱਸ ਭਲਾ ਕਿੱਥੇ ਜਾਏਂਗਾ ਤੂੰ। ੧੮।

......



Sri Satguru Jagjit Singh Ji eLibrary NamdhariElibrary@gmail.com

ਛੱਛਾ ਛਾਣੀਆਂ ਸੁੰਞੀਆਂ ਲੱਗਦੀਆਂ ਨੇ, ਨਹੀਂ ਲੱਭਦਾ ਰੂਹ ਦਾ ਹਾਣ ਸਾਨੂੰ।
ਇੱਕੋ ਦਰਸ਼ ਦੀਦਾਰ ਦੀ ਤਲਬ ਲੱਗੀ, ਹੋਰ ਕੁਝ ਵੀ ਨਹੀਂ ਪ੍ਰਵਾਣ ਸਾਨੂੰ।
ਨਹੀਂ ਜਿਹਨਾਂ ਦੇ ਨਾਲ ਵਿਹਾਰ ਸਾਡਾ, ਲੱਗੇ ਕਿਵੇਂ ਦੇ ਲੋਕ ਭਰਮਾਣ ਸਾਨੂੰ।
"ਅਲੀ ਸ਼ੇਰ" ਪਿਆਰੇ ਦੀ ਮਿਹਰ ਬਾਝੋਂ, ਹੋਰ ਕਿਸੇ ਉਤੇ ਕਾਹਦਾ ਮਾਣ ਸਾਨੂੰ। ੧੯।

......

ਣਾਣਾ ਣਣ[3] ਨਾ ਜਿਤਿਆ ਜਾਏ ਸਾਥੋਂ, ਬਾਝੋਂ ਸੱਜਣਾਂ ਮੀਤ ਪਿਆਰਿਆਂ ਦੇ।
ਬੱਧੇ ਸਾਹਾਂ ਦੀ ਡੋਰ ਦੇ ਨਾਲ ਜਿੰਦਾਂ, ਜੀਅ ਜਾਨ ਦੇ ਏਦਾਂ ਸਹਾਰਿਆਂ ਦੇ।
ਹੋਵੇ ਨਜ਼ਰ ਸਵੱਲੜੀ ਸਾਥੀਆਂ ਦੀ, ਦਿਨ ਫਿਰਨ ਤਕਦੀਰ ਦੇ ਮਾਰਿਆਂ ਦੇ।
"ਅਲੀ ਸ਼ੇਰ" ਭਰੋਸਾ ਕੀ ਜ਼ਿੰਦਗੀ ਦਾ, ਹਾਲ ਪੁੱਛਣੇ ਜਾਇ ਵਿਚਾਰਿਆਂ ਦੇ। ੨੦।

......

ਤੱਤਾ ਤੱਤੜੇ ਵਕਤ ਸੀ ਨੇਹੁੰ ਲੱਗਾ, ਜਦੋਂ ਆਪਣਾ ਆਪ ਕੁਰਬਾਨ ਕੀਤਾ।
ਅਉਖੇ ਰਾਹ ਅਵੱਲੜੇ ਪੰਧ ਉਤੇ, ਅਸਾਂ ਸੱਜਣਾਂ ਨੂੰ ਨਿਗਾਹਬਾਨ ਕੀਤਾ।
ਜ਼ਿਕਰ ਉਸ ਦੇ ਉਤੇ ਫਿਦਾ ਹੋ ਕੇ, ਨਹੀਂ ਕਿਸੇ ਦੇ ਵੱਲ ਧਿਆਨ ਕੀਤਾ।
"ਅਲੀ ਸ਼ੇਰ" ਹੁਣ ਕਿਸੇ ਨੂੰ ਕੀ ਕਹਿਣਾ, ਜਿਹੜਾ ਹਾਲ ਸਾਡੇ ਮਿਹਰਬਾਨ ਕੀਤਾ। ੨੧।

......

ਥੱਥਾ ਥਾਉਲਿਆਂ ਪਾਇਆਂ ਵੀ ਨਹੀਂ ਜਾਂਦੇ, ਪਕੜ ਹੋ ਜਾਏ ਇੰਜ ਸਰੀਰ ਤਾਈਂ।
ਹਿੱਕ ਧਰਤੀ ਦੀ ਸਦਾ ਈ ਲੋਚਦੀ ਏ, ਮਲ੍ਹੇ ਝਾੜੀਆਂ ਵਣ ਕਰੀਰ ਤਾਈਂ।
ਆਉਂਦੇ ਸੁਪਨੇ ਜੂਹਾਂ ਬਿਗਾਨੀਆਂ ਦੇ, ਦ੍ਰਸ਼ਟਿ ਜੇ ਕਰੀਏ ਵਗਦੇ ਨੀਰ ਤਾਈਂ।
"ਅਲੀ ਸ਼ੇਰ" ਸੰਭਾਲ ਕੇ ਕਰੀ ਸੱਜਣ, ਨਿਭ ਜਾਣ ਜੋ ਤੋੜ ਅਖੀਰ ਤਾਈਂ। ੨੨।

......

ਦੱਦਾ ਦੱਸਦਿਆਂ ਪੁੱਛਦਿਆਂ ਸੰਗ ਆਵੇ, ਇਹ ਨੇਹੁੰ ਪ੍ਰੇਮ ਦੀ ਬਾਤ ਐਸੀ।
ਭੁੱਲ ਗਏ ਸਿਆਣਪਾਂ ਸਾਰੀਆਂ ਉਹ, ਜਿਹੜੇ ਪਾ ਬੈਠੇ ਇਕੋ ਝਾਤ ਐਸੀ।
ਸੰਸੇ ਭਰਮ ਤਵੱਕੜੇ ਕੁੱਲ ਰੁੜ੍ਹ ਗਏ, ਹੋਈ ਨੈਣਾਂ ਦੀ ਜਦੋਂ ਬਰਸਾਤ ਐਸੀ।
"ਅਲੀ ਸ਼ੇਰ" ਤੂੰ ਫੇਰ ਨਾ ਜਾਗਣਾ ਏ, ਇਕ ਦਿਨ ਪੈਣੀ ਤੈਨੂੰ ਰਾਤ ਐਸੀ। ੨੩।

......

ਧੱਧਾ ਧਨ ਦਾ ਫਿਕਰ ਨਾ ਕੋਈ ਸਾਨੂੰ, ਅਸਾਂ ਸੱਜਣਾਂ ਨਾਲ ਵਿਉਹਾਰ ਕੀਤਾ।
ਜਿਹਨਾਂ ਇਕ ਦੇ ਨਾਉਂ ਦਾ ਵਿਰਦ ਕੀਤਾ, ਬੇੜਾ ਤਿਨ੍ਹਾਂ ਦਾ ਨਬੀ ਨੇ ਪਾਰ ਕੀਤਾ।
ਹੱਥੋ ਹੱਥ ਹਿਸਾਬ ਹੋ ਗਿਆ ਸਾਰਾ, ਨਹੀਂ ਸਾਹਾਂ ਦਾ ਕਿਸੇ ਉਧਾਰ ਕੀਤਾ।
"ਅਲੀ ਸ਼ੇਰ" ਨਿਬੇੜਾ ਇਸ ਗੱਲ ਉਤੇ, ਕਿਸੇ ਜਣੇ ਨੇ ਕੀਹ ਕਿਰਦਾਰ ਕੀਤਾ। ੨੪।

......

ਨੱਨਾ ਨਾਮ ਸਾਰੀ ਦੁਨੀਆਂ ਵਿਚ ਇਕੋ, ਉਹਨੂੰ ਛੱਡ ਨਾ ਹੋਰ ਧਿਆਈਏ ਜੀ।
ਇੱਕੋ ਹੈ ਸਰਦਲ ਸਾਰੇ ਜੱਗ ਉਤੇ, ਸੀਸ ਉਸ ਤੇ ਜਾਇ ਝੁਕਾਈਏ ਜੀ।
ਇੱਕੋ ਵੰਝਲੀ ਜਹੀ ਨਾ ਰੀਸ ਕੋਈ, ਸਦਾ ਉਸਦੀਆਂ ਈ ਸੁਰਾਂ ਲਾਈਏ ਜੀ।
"ਅਲੀ ਸ਼ੇਰ" ਕੋਈ ਦਰਦ ਫਿਰਾਕ ਵਾਲਾ, ਗੀਤ ਬੇਲਿਆਂ ਦੇ ਵਿਚ ਗਾਈਏ ਜੀ। ੨੫।

......



Sri Satguru Jagjit Singh Ji eLibrary NamdhariElibrary@gmail.com

ਪੱਪਾ ਪਹਿਲਿਆਂ ਪਹਿਰਾਂ ਦੀ ਗੱਲ ਸੁਣਕੇ, ਪਹਿਰ ਮੁੱਕਦੇ ਮੁੱਕਦੇ ਮੁੱਕ ਚੱਲੇ।
ਨੈਣ ਜਿਹੜੇ ਵਹਿੰਦੇ ਇਕ ਤੌਰ 'ਚ ਸਨ, ਉਹ ਵੀ ਰੁੱਕਦੇ ਰੁੱਕਦੇ ਰੁੱਕ ਚੱਲੇ।
ਤੱਤੇ ਸਮੇਂ ਦੇ ਉਮਰ ਦੇ ਬਾਗ ਤਾਈਂ, ਓੜਕ ਟੁੱਕਦੇ ਟੁੱਕਦੇ ਟੁੱਕ ਚੱਲੇ।
"ਅਲੀ ਸ਼ੇਰ" ਜਦ ਬੱਦਲਾਂ ਘੇਰ ਪਾਇਆ, ਚੰਨ ਲੁੱਕਦੇ ਲੁੱਕਦੇ ਲੁੱਕ ਚੱਲੇ। ੨੬।

......

ਫੱਫਾ ਫੇਰ ਨਾ ਆਣਕੇ ਖੇਡਣਾ ਈ, ਏਸ ਦੁਨੀ ਸੁਹਾਣੀ ਦੇ ਬਾਗ ਅੰਦਰ।
ਉਚ ਨੀਚ ਅਮੀਰ ਗਰੀਬ ਹੋਣਾ, ਜਾਹਲ ਲੋਕ ਮੜ੍ਹ ਦੇਂਦੇ ਨੇ ਭਾਗ ਅੰਦਰ।
ਸਾਰਾ ਕੁੱਝ ਅਵੱਸ਼ ਤਬਦੀਲ ਹੋਣਾ, ਜਦੋਂ ਜਨਤਾ ਨੇ ਆਉਣਾ ਏ ਜਾਗ ਅੰਦਰ।
"ਅਲੀ ਸ਼ੇਰ" ਦੁੱਖ ਆਪਣਾ ਕੁੱਟਿਆ ਈ, ਵਾਹ ਵਾਹ ਰੋਲਿਆ ਈ ਜਗ ਰਾਗ ਅੰਦਰ। ੨੭।

......

ਬੱਬਾ ਬੱਕਰੀ ਗਾਂਧੀ ਦੀ ਲੱਭਦੀ ਨਹੀਂ, ਸ਼ੀਂਹ ਸੰਘੀਆਂ ਦੇ ਉਹਨੂੰ ਲੈ ਚੱਲੇ।
ਸਭ ਰੰਗਾਂ ਦੇ ਫਿਰਕੂ ਜ਼ਨੂੰਨ ਮਿਲਕੇ, ਸਭਾ ਬਾਰ੍ਹਵੀਂ ਵਿਚ ਨੇ ਬਹਿ ਚੱਲੇ।
ਥੈਲੀ ਸ਼ਾਹ ਅਪਰਾਧੀਆਂ ਅਫ਼ਸਰਾਂ ਦੇ, ਜੋੜ ਦੇਸ਼ ਦੇ ਹੱਡਾਂ 'ਚ ਬਹਿ ਚੱਲੇ।
"ਅਲੀ ਸ਼ੇਰ" ਸਿਆਸਤ ਦੀ ਹੀਰ ਚੀਕੇ, ਲੈ ਚੱਲੇ ਵੇ ਬਾਬਲਾ ਲੈ ਚੱਲੇ। ੨੮।

......

ਭੱਬਾ ਭਾਈਚਾਰਾ ਸਾਡਾ ਤੋੜਨੇ ਲਈ, ਫੇਰ ਲਾਏ ਨੇ ਫੰਧ ਸ਼ਿਕਾਰੀਆਂ ਨੇ।
ਜਣੇ ਖਣੇ ਉਤੇ ਹੱਥ ਫੇਰਨੇ ਲਈ, ਝੁਰਲੂ ਲਏ ਨੇ ਕੱਢ ਮਦਾਰੀਆਂ ਨੇ।
ਵੇਖੋ ਗਿੱਦੜਾਂ ਦੇ ਕੰਮ ਆ ਰਹੀਆਂ, ਮਾਰਾਂ ਜਿਹੜੀਆਂ ਸ਼ੇਰਾਂ ਨੇ ਮਾਰੀਆਂ ਨੇ।
"ਅਲੀ ਸ਼ੇਰ" ਸਮਾਜਿਕ ਨਿਆਂ ਦੀਆਂ, ਫੌਜਾਂ ਜਿੱਤ ਕੇ ਅੰਤ ਨੂੰ ਹਾਰੀਆਂ ਨੇ। ੨੯।

......

ਮੱਮਾ ਮੱਸਿਆ ਦੀ ਰਾਤ ਮੁਕਣੀ ਏ, ਚੰਦ ਏਕੇ ਦਾ ਵੀ ਸਮਝੋ ਚੜ੍ਹਨ ਵਾਲਾ।
ਏਸ ਦੇਸ਼ ਦਾ ਆਮ ਮਨੁੱਖ ਯਾਰੋ, ਉਠ ਆਪਣੇ ਹੱਕਾਂ ਲਈ ਖੜ੍ਹਨ ਵਾਲਾ।
ਆਉਣਾ ਕੋਈ ਅਵਤਾਰ ਨਾ ਅਰਸ਼ ਉੱਤੋਂ, ਬੰਦਾ ਆਪ ਤਕਦੀਰ ਏ ਘੜਨ ਵਾਲਾ।
"ਅਲੀ ਸ਼ੇਰ" ਲੁਟੇਰੀਆਂ ਤਾਕਤਾਂ ਦੇ, ਗੋਡਾ ਧੌਣ ਦੇ ਉਤੇ ਹੈ ਧਰਨ ਵਾਲਾ। ੩੦।

......

ਯੱਯਾ ਯੱਭਦੇ ਫਿਰਨਗੇ ਉਹ ਸਾਰੇ, ਸਕੇ ਸਮਝ ਇਤਿਹਾਸ ਦੀ ਚਾਲ ਨਾਹੀਂ!
ਜਦੋਂ ਹੇਠਲੀ ਉਤੇ ਹੈ ਹੋ ਜਾਂਦੀ, ਇਹਦੇ ਨਾਲ ਦਾ ਹੋਰ ਭੁਚਾਲ ਨਾਹੀਂ।
ਆਪੋ ਧਾਪ ਇਹ ਕਿੰਨਾ ਕੁ ਚਿਰ ਰਹਿਸੀ, ਕਰਨੀ ਦੇਸ਼ ਦੀ ਕਿਸੇ ਸੰਭਾਲ ਨਾਹੀਂ।
"ਅਲੀ ਸ਼ੇਰ" ਵੇਖੀਂ ਪਹੁ ਫੁੱਟ ਰਹੀ ਏ, ਚੋਰਾਂ ਡਾਕੂਆਂ ਦੀ ਗਲਣੀ ਦਾਲ ਨਹੀਂ। ੩੧।

......



Sri Satguru Jagjit Singh Ji eLibrary NamdhariElibrary@gmail.com

ਰਾਰਾ ਰਾਗ ਦਵੇਸ਼ 'ਚ ਫਸੇ ਬੰਦੇ, ਮਨ ਲੋਚਦਾ ਚਰਨ ਅੰਗੂਰੀਆ ਜੀ।
ਸਾਬਰ ਆਪਣੇ ਹੱਕ ਦਰਵੇਸ਼ ਰਹਿੰਦਾ, ਦੂਜੇ ਹੱਕ ਤੇ ਪੈਣ ਨਾ ਪੂਰੀਆਂ ਜੀ।
ਹੱਕਾਂ ਵਾਲਿਆਂ ਨੇ ਹੱਕ ਲੈ ਲੈਣੇ, ਉਹਨਾਂ ਜਿਹਨਾਂ ਚਰਾਈਆਂ ਸੀ ਬੂਰੀਆਂ ਜੀ।
"ਅਲੀ ਸ਼ੇਰ" ਸੰਸਾਰ ਪਰਿਵਾਰ ਇਕੋ, ਮਿਟਣ ਵਾਲੀਆਂ ਨੇ ਸੱਭੇ ਦੂਰੀਆਂ ਜੀ। ੩੨।

......

ਲੱਲਾ ਲੱਲੂਆਂ ਅਤੇ ਕਵੱਲੂਆਂ ਦੀ, ਹੁਣ ਪੁੱਠੜੀ ਨਹੀਂ ਸਿੱਧੀ ਪੈਣ ਦੇਣੀ।
ਕਰੇ ਕੋਈ ਤੇ ਖੋਹ ਕੇ ਰੋਟੀ ਖਾਵੇਂ, ਉਲਟੀ ਗੰਗ ਏਥੇ ਨਹੀਂ ਵਹਿਣ ਦੇਣੀ।
ਪਾਟੇ ਖਾਂ ਦਾ ਬੰਗਲਾ ਪਾਉਣ ਬਦਲੇ, ਕੁੱਲੀ ਨਹੀਂ ਫਕੀਰ ਦੀ ਢਹਿਣ ਦੇਣੀ।
"ਅਲੀ ਸ਼ੇਰ" ਹੁਣ ਕਿਰਤ ਦੀ ਹੀਰ ਜੱਟੀ, [illegible]ਲੀ ਨਹੀਂ ਸਰਮਾਏ ਦੀ ਬਹਿਣ ਦੇਣੀ। ੩[illegible]।

......

ਵੱਵਾ ਵੈਰ ਵਿਰੋਧ ਮਿਟਾ ਸਾਰੇ, ਟੁੱਟੇ ਦਿਲਾਂ ਦਾ ਮੇਲ ਕਰਾ ਚੱਲੇ।
ਕੀ ਖੱਟਿਆ ਤੇ ਕੀ ਵੱਟਿਆ ਏ, ਰੋਕੜ ਅਪਣੀ ਜੋੜ ਮਿਲਾ ਚੱਲੇ।
ਫੁਰਨੇ ਵਿਚ ਜਹਾਨ ਹੈ ਕਸ਼ਟ ਸਹਿੰਦਾ, ਅਫੁਰ ਹੋਣ ਦਾ ਪਾਠ ਪੜ੍ਹਾ ਚੱਲੇ।
"ਅਲੀ ਸ਼ੇਰ" ਸਾਡੇ ਮਨ 'ਚ ਜੋ ਆਈ, ਅਸੀਂ ਸੂਫੀਆਂ ਦੀ ਬਾਣੀ ਗਾ ਚੱਲੇ। ੩੪।

......

ੜਾੜਾ ੜਾੜ ਜੇ ਦਿਲਾਂ 'ਚੋਂ ਨਾ ਛੱਡੀ, ਕਾਹਦੀ ਸਿੱਖੀ ਕਾਹਦਾ ਹਿੰਦੂ ਧਰਮ ਤੇਰਾ।
ਨੇਕ ਦਿਲ ਇਨਸਾਨ ਹੀ ਬੜੇ ਮੋਮਨ, ਰੱਖੇ ਵੈਰ ਇਸਾਈ ਨਹੀਂ ਕਰਮ ਤੇਰਾ।
ਦੁਖੀਆਂ ਅਤੇ ਸਤਾਇਆਂ ਦੀ ਕਰੇਂ ਮੱਦਦ, ਮਿਟ ਜਾਏ ਹਨੇਰਾ ਤੇ ਭਰਮ ਤੇਰਾ।
"ਅਲੀ ਸ਼ੇਰ" ਦਰਵੇਸ਼ ਦੇ ਬਚਨ ਮੰਨੀਂ, ਸਫਲ ਹੋਊ ਮਨੁੱਖ ਦਾ ਜਨਮ ਤੇਰਾ। ੩੫।

......

ਪੈਂਤੀ ਅੱਖਰੀ ਪ੍ਰੇਮ ਦੇ ਨਾਲ ਆਖੀ, ਆਇਆ ਮਨ ਦੇ ਵਿਚ ਉਬਾਲ ਆਹਾ।
ਪਿੰਡ ਕਰੀਵਾਲਾ ਅਤੇ ਜ਼ਿਲਾ ਸਿਰਸਾ, ਜੀਵਨ ਨਗਰ ਇਲਾਕਾ ਖੁਸ਼ਹਾਲ ਆਹਾ।
ਦਿਤੀ ਭੇਜ 'ਵਰਿਆਮ' ਦੀ ਨਜ਼ਰ ਕਰਕੇ, ਅੱਗੇ ਜਿਵੇਂ 'ਜਗਦੀਸ਼' ਦਾ ਖਿਆਲ ਆਹਾ।
"ਅਲੀ ਸ਼ੇਰ" ਦਿਸੰਬਰ ਦੀ ਤਿਥੀ ਤੇਈ, ਉੱਨੀ ਸੌ ਸਤੱਨਵਾਂ ਸਾਲ ਆਹਾ। ੩੬।

......

---

1. ਕੰਗਣਾ  2. ਵੰਜਣਾ  3. ਰਣ

ਪਿੰਡ ਤੇ ਡਾਕਖਾਨਾ ਕਰੀਵਾਲਾ,
ਜ਼ਿਲ੍ਹਾ ਸਿਰਸਾ (ਹਰਿਆਣਾ)



Sri Satguru Jagjit Singh Ji eLibrary NamdhariElibrary@gmail.com

# ਹਰਿਮੰਦਰ ਸਾਹਿਬ ਦੀ ਨੀਂਹ ਕਿਸ ਨੇ ਰੱਖੀ ?

—ਹਰਜਿੰਦਰ ਸਿੰਘ ਕੰਵਲ

ਸਿੱਖ ਇਤਿਹਾਸ ਵਿਚ ਕਿਤਨੇ ਹੀ ਵਾਦ-ਵਿਵਾਦ ਦੇ ਵਿਸ਼ੇ ਹਨ ਜਿਨ੍ਹਾਂ ਵਿਚੋਂ ਇਹ ਵੀ ਇਕ ਵਿਸ਼ਾ ਹੈ ਜਿਸ ਤੇ ਸਾਹਿਤਕਾਰ ਹਾਲੇ ਤਕ ਵੀ ਆਪੋ ਆਪਣੀ ਰਾਏ ਦੇਈ ਜਾ ਰਹੇ ਹਨ ਅਤੇ ਕਿਸੇ ਵੀ ਯਥਾ ਸ਼ਕਤ ਸਿੱਟੇ ਤੇ ਨਹੀਂ ਪਹੁੰਚ ਸਕੇ ਕਿ ਹਰਿਮੰਦਰ ਸਾਹਿਬ ਦੀ ਨੀਂਹ ਕਿਸ ਨੇ ਰੱਖੀ ? ਇਕ ਧੜਾ ਇਹ ਕਹਿ ਰਿਹਾ ਹੈ ਕਿ ਨੀਂਹ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਆਪ ਰਖੀ ਅਤੇ ਦੂਸਰਾ ਕਹੀ ਜਾ ਰਿਹਾ ਹੈ ਕਿ ਨੀਂਹ ਮੀਆਂ ਮੀਰ ਕੋਲੋਂ ਗੁਰੂ ਅਰਜਨ ਨੇ ਰਖਵਾਈ।

ਇਸ ਵਿਸ਼ੇ ਤੇ ਅਧਿਐਨ ਕਰਦੇ ਕਰਦੇ ਦਾਸ ਨੂੰ ਸਿੰਘ ਸਾਹਿਬ ਗਿਆਨੀ ਕ੍ਰਿਪਾਲ ਸਿੰਘ ਜੀ, ਜਿਨ੍ਹਾਂ ਨੇ ਤਕਰੀਬਨ ੮ ਸਾਲ ਸ੍ਰੀ ਹਰਿਮੰਦਰ ਸਾਹਿਬ ਜੀ ਦੀ ਸੇਵਾ ਕੀਤੀ, ਦੀ ਪੁਸਤਕ "ਸ੍ਰੀ ਹਰਿਮੰਦਰ ਸਾਹਿਬ ਦਾ ਸੁਨਹਿਰੀ ਇਤਿਹਾਸ" ਪੜ੍ਹਨ ਦਾ ਮੌਕਾ ਮਿਲਿਆ। ਜਿਸ ਤੋਂ ਦਾਸ ਦੀ ਕਾਫੀ ਤੋਂ ਜ਼ਿਆਦਾ ਤਸੱਲੀ ਹੋ ਗਈ ਕਿ ਹਰਿਮੰਦਰ ਸਾਹਿਬ ਜੀ ਦੀ ਨੀਂਹ ਗੁਰੂ ਅਰਜਨ ਦੇਵ ਜੀ ਨੇ ਹੀ ਰਖੀ, ਨਾ ਕਿ ਮੀਆਂ ਮੀਰ ਨੇ। ਇਸ ਵਿਸ਼ੇ ਤੇ ਜੋ ਪ੍ਰਮਾਣ ਉਨ੍ਹਾਂ ਦਿਤੇ ਅਤੇ ਹੋਰ ਜੋ ਮੈਨੂੰ ਮਿਲੇ ਉਹ ਇਥੇ ਵਿਸਥਾਰ ਪੂਰਵਕ ਦਰਜ ਕਰਦਾ ਹਾਂ।

ਹਰਿਮੰਦਰ ਸਾਹਿਬ ਦੀ ਨੀਂਹ ੧ ਮਾਘ ੧੬੪੫ ਬਿ: ਨੂੰ ਰਖੀ ਗਈ ਜਿਸ ਨੂੰ ਭਾਈ ਸੰਤੋਖ ਸਿੰਘ ਜੀ ਸੂਰਜ ਪ੍ਰਕਾਸ਼ ਵਿਚ ਇਉਂ ਫਰਮਾਉਂਦੇ ਹਨ—

ਇਮਿ ਅਰਦਾਸ ਕਰੀ ਬ੍ਰਿਧ ਜਬੈ।
ਸ੍ਰੀ ਅਰਜਨ ਕਰ ਪੰਕਜ ਤਬੈ।
ਗਹੀ ਈਂਟ ਤਹਿ ਕਰੀ ਟਿਕਾਵਨ।
ਮੰਦਰ ਅਵਿਚਲ ਨੀਵ ਰਖਾਵਨ।

(ਰਾਸ ੨ ਅਸੂ ੫੩)

ਬਾਬਾ ਬੁੱਢਾ ਜੀ ਦੀ ਅਰਦਾਸ ਉਪਰੰਤ ਗੁਰੂ ਅਰਜਨ ਦੇਵ ਜੀ ਨੇ ਆਪਣੇ ਪਵਿੱਤਰ ਪਾਵਨ ਕਰ-ਕੰਵਲਾਂ ਨਾਲ ਪਹਿਲੀ ਇੱਟ ਰਖੀ।

ਸੂਰਜ ਪ੍ਰਕਾਸ਼ ਗ੍ਰੰਥ ਤੋਂ ਪਹਿਲਾਂ ਕੋਈ ਵੀ ਐਸਾ ਇਤਿਹਾਸ ਨਹੀਂ ਉਪਲਬਧ ਜਿਸ ਵਿਚ ਮੀਆਂ ਮੀਰ ਦਾ ਜ਼ਿਕਰ ਹੋਵੇ ਨੀਂਹ ਬਾਰੇ।

ਗਿਆਨੀ ਗਿਆਨ ਸਿੰਘ ਜੀ ਦੇ ਪੰਥ ਪ੍ਰਕਾਸ਼ ਦੀ "ਤੀਜਾਂ" ਲਾਹੌਰ ਐਡੀਸ਼ਨ ਵਿਚ ਨੀਂਹ ਬਾਰੇ ਇਹ ਸਲੋਕ ਆਉਂਦੇ ਹਨ—

ਮੀਆਂ ਮੀਰ ਤੇ ਨੀਉਂ ਰਖਾਈ।
ਕਾਰੀਗਰੇ ਪਲਟ ਕਰ ਲਾਈ।

(ਪੂਰਬ ਬਿਸ੍ਰਾਮ ੧੮, ਅੰਕ ੯੦)

ਪਰ ਸਮਝ ਨਹੀਂ ਆਉਂਦੀ ਕਿ ਇਸ ਪੰਥ ਪਰਕਾਸ਼ ਤੋਂ ਪਹਿਲਾਂ ਦੋ ਐਡੀਸ਼ਨਾਂ ਛਪ ਚੁਕੀਆਂ ਸਨ—ਇਕ ਦਿੱਲੀ ਜੋ ੧੯ ੬ ਬਿ: ਅਤੇ ਦੂਜੀ ਅੰਮ੍ਰਿਤਸਰ ਤੋਂ ੧੯੪੬ ਬਿ: ਵਿਚ—ਇਨ੍ਹਾਂ ਦੋਹਾਂ ਐਡੀਸ਼ਨਾਂ ਦੇ ਵਿਚ ਕਿਤੇ ਵੀ ਨੀਂਹ ਦਾ ਜ਼ਿਕਰ ਤਕ ਨਹੀਂ ਹੈ ਅਤੇ ਇਹ ਤੀਜੀ ਐਡੀਸ਼ਨ ਵਿਚ ਉਕਤ ਤੁਕਾਂ ਪਾ ਕੇ ਲੇਖਕ ਉਸਦਾ ਸਰੋਤ ਲਿਖਣਾ ਹੀ ਭੁਲ ਗਿਆ ਹੈ ਜਾਂ ਕੋਈ ਹੋਰ ਗੱਲ ਹੈ ? ਇਸੇ ਹੀ ਗੱਲ ਨੂੰ ਲੈ ਕੇ ਕਈ ਇਤਿਹਾਸਕਾਰਾਂ ਨੇ ਆਪਣੀਆਂ ਕਿਤਾਬਾਂ ਜਾਂ ਲੇਖਾਂ ਵਿਚ ਨੀਂਹ ਮੀਆਂ ਮੀਰ ਤੋਂ ਰਖਾਈ ਲਿਖ ਦਿਤਾ ਹੈ। ਹਾਲਾਂ ਕਿ ਨੀਂਹ ਰਖਣ ਦੇ ਸਮੇਂ ੧੬੪੫ ਬਿ: ਤੋਂ ਗਿਆਨੀ ਜੀ ਦੀ ਇਹ ਰਚਨਾ ੯੪੬ ਬਿ: ਵਾਲੀ ਤਕ ਤਕਰੀਬਨ ੩੦੦ ਸਾਲ ਦੇ ਅਰਸੇ ਵਿਚ ਕਈ ਗ੍ਰੰਥ ਲਿਖੇ ਗਏ— ਜਿਨ੍ਹਾਂ ਵਿਚੋਂ ਗੁਰਬਿਲਾਸ ਪਾ. ੬ ਦੇ ਕਰਤਾ ਕੋਇਰ ਸਿੰਘ ਅਤੇ ਗੁਰਬਿਲਾਸ ਪਾ. ੧੦ ਦੇ ਕਰਤਾ ਸੁਖਾ ਸਿੰਘ ਬੰਸਾਵਲੀਨਾਮਾ ਦੇ ਕਰਤਾ ਕੇਸਰ ਸਿੰਘ ਛਿੱਬਰ, ਪੰਥ ਪ੍ਰਕਾਸ਼, ਰਤਨ ਸਿੰਘ ਭੰਗੂ ਆਦਿ ਨੇ ਮੀਆਂ ਮੀਰ ਦਾ ਕਿਤੇ ਵੀ ਜ਼ਿਕਰ ਤਕ ਨਹੀਂ ਕੀਤਾ। ਹੋਰ ਤਾਂ ਹੋਰ ਕਿਸੇ ਮੁਸਲਮਾਨ ਜਾਂ ਗੈਰਸਿੱਖ ਲਿਖਾਰੀ ਨੇ ਵੀ ਇਸ ਵਿਸ਼ੇ ਤੇ ਕੋਈ ਵੀ ਰਾਇ ਨਹੀਂ ਦਿਤੀ। ਜੇ ਮੀਆਂ ਮੀਰ ਨੇ ਨੀਂਹ ਰਖੀ ਹੁੰਦੀ ਤਾਂ ਇਹ ਗੱਲ ਇਕ ਬਹੁਤ ਹੀ ਅਹਿਮੀਅਤ ਰੱਖਣ ਵਾਲੀ ਹੁੰਦੀ ਅਤੇ ਕਦਾਚਿਤ ਵੀ ਨਜ਼ਰਅੰਦਾਜ਼ ਨਾ ਕੀਤੀ ਜਾਂਦੀ।

ਗੁਰੂ ਅਰਜਨ ਦੇਵ ਜੀ ਗੁਜਰੀ ਮ. ੫ ਵਿਚ ਇੰਜ



Sri Satguru Jagjit Singh Ji eLibrary NamdhariElibrary@gmail.com

ਦਰਸਾਉਂਦੇ ਹਨ :

"ਅਬਿਚਲ ਨੀਵ ਧਰੀ ਗੁਰ ਨਾਨਕ
ਨਿਤ ਨਿਤ ਚੜੈ ਸਵਾਈ ॥ (ਪੰਨਾ ੫੦੦)

ਅਤੇ

ਭਲਾ ਸੰਜੋਗ ਮੂਰਤ ਪਲੁ ਸਾਚਾ
ਅਵਚਲ ਨੀਵ ਰਖਾਈ ॥ (ਪੰਨਾ ੭੮੧)

ਅਤੇ

ਅਬਿਚਲ ਨੀਵ ਧਰਾਈ ਸਤਿਗੁਰਿ,
ਕਬਹੂ ਡੋਲਤ ਨਾਹੀ ॥
(ਸਾਰੰਗ ਮ. ੫, ਪੰਨਾ ੧੨੨੬)

ਉਪਰੋਕਤ ਗੁਰਬਾਣੀ ਦੇ ਸਲੋਕ ਨਾ ਲਿਖੇ ਜਾਂਦੇ ਜੇ ਨੀਂਹ ਗੁਰੂ ਸਾਹਿਬ ਤੋਂ ਬਗੈਰ ਕਿਸੇ ਹੋਰ ਨੇ ਰਖੀ ਹੁੰਦੀ ।

ਹੋਰ ਸਬੂਤ ਲਈ ਪਿਛੇ ਚਲਦੇ ਹਾਂ ੧੬੪੩ ਬਿ: ਨੂੰ ਜਦੋਂ ਗੁਰੂ ਜੀ ਅੰਮ੍ਰਿਤਸਰ ਸਰੋਵਰ ਦੀ ਕਾਰ ਸੇਵਾ ਕਰਵਾ ਰਹੇ ਹਨ ਜਿਸਨੂੰ ਦੂਸਰੀ ਕਾਰ ਸੇਵਾ ਕਰਕੇ ਜਾਣਿਆ ਜਾਂਦਾ ਹੈ । ਇਸ ਕਾਰ ਸੇਵਾ ਵਿਚ ਆਪ ਅਕਾਲ ਪੁਰਖ ਦੇਵ ਰੂਪ ਧਾਰਕੇ ਸ਼ਾਮਲ ਹੋਏ ਜਿਸਨੂੰ ਭਾਈ ਸੰਤੋਖ ਸਿੰਘ ਜੀ ਬਿਆਨ ਕਰਦੇ ਹਨ :

ਕਹੀ ਗਹੀ ਕਰ ਪ੍ਰਭੂ ਸਮਰੱਥ ।
ਧਰੀ ਟੋਕਰੀ ਦੂਸਰ ਹੱਥ ।
ਹਰਿਮੰਦਰ ਜਿਸ ਥਲ ਚਿਨਵਾਇ ।
ਖਨਨ ਲਗੇ ਮਿਤਕਾ ਤਹਿੰ ਜਾਇ ।
ਕਾਰ ਨਿਕਾਸਹਿ ਵਹਿਰ ਗਿਰਾਈ ।
ਦੇਖਤਿ ਭਏ ਦੇਵ ਸਮੁਦਾਈ ।
ਪਲਟਿ ਪਲਟਿ ਆਪਨੋ ਤਨ ਸਾਰੇ ।
ਆਇ ਲਗੇ ਸਗਰੇ ਸਰ ਕਾਰੇ । (ਅੰਸੂ ੪੨)

ਇਸ ਤਰ੍ਹਾਂ ਦੇ ਸਡੋਲ ਸਰੀਰ, ਨੂਰਾਨੀ ਮੁਖੜਾ, ਚੌੜਾ ਮਸਤਕ, ਸੁੰਦਰ ਨੇਤਰ ਤੇ ਦਿਬਯ-ਸਰੂਪ ਦੇ ਦਰਸ਼ਨ ਕਰਕੇ ਗੁਰੂ ਜੀ ਉਚਾਰਨ ਕਰਦੇ ਹਨ—

ਸੰਤਾ ਕੇ ਕਾਰਜਿ ਆਪਿ ਖਲੋਇਆ,
ਹਰ ਕੰਮੁ ਕਰਾਵਣਿ ਆਇਆ ਰਾਮ ॥
ਧਰਤਿ ਸੁਹਾਵੀ ਤਾਲੁ ਸੁਹਾਵਾ,
ਵਿਚਿ ਅੰਮ੍ਰਿਤ ਜਲ ਛਾਇਆ ਰਾਮ ॥
(ਪੰਨਾ ੭੮੩)

ਜਿਥੇ ਆਪ ਅਕਾਲ ਪੁਰਖ ਹੋਵੇ ਅਤੇ ਇਕ ਐਹੋ ਜਹੇ ਤੀਰਥ ਦਾ ਨਿਰਮਾਣ ਹੋਵੇ ਜਿਸ ਦੀ ਮਿਸਾਲ ਤਿੰਨਾਂ ਲੋਕਾਂ ਵਿਚ ਨਾ ਹੋਵੇ ਅਤੇ ਸਿੱਖਾਂ ਦਾ ਸਦੀਵੀ ਕਾਲ ਤਕ ਰਹਿਣ ਅਤੇ ਪੂਜਣ ਯੋਗ ਅਸਥਾਨ ਹੋਵੇ—ਕੀ ਉਸ ਮੰਦਰ ਦਾ ਨੀਂਹ ਪੱਥਰ "ਗੁਰੂ ਅਰਜਨ ਪ੍ਰਤੱਖ ਹਰਿ" ਤੋਂ ਬਗੈਰ ਕੋਈ ਹੋਰ ਰਖ ਸਕਦਾ ਸੀ ? ਜੇ ਹੋਰ ਤੋਂ ਹੀ ਰਖਵਾਉਣੀ ਹੁੰਦੀ ਤਾਂ ਬਾਬਾ ਬੁੱਢਾ ਜੀ ਵਰਗੇ ਬ੍ਰਹਮ ਗਿਆਨੀ ਉਨ੍ਹਾਂ ਦੇ ਕੋਲ ਸਨ, ਉਨ੍ਹਾਂ ਨੂੰ ਕਹਿ ਸਕਦੇ ਸਨ ।

ਇਥੇ ਇਹ ਗੱਲ ਵੀ ਦੱਸਣੀ ਜ਼ਰੂਰੀ ਹੈ ਕਿ ਜੇ ਮੀਆਂ ਮੀਰ ਜੀ ਇਹ ਨੀਂਹ ਰਖਦੇ ਤਾਂ ਜ਼ਰੂਰ ਭਾਈ ਗੁਰਦਾਸ ਜੀ ਉਸਦਾ ਜ਼ਿਕਰ ਕਰਦੇ ਅਤੇ ਗੁਰੂ ਸਾਹਿਬ ਉਨ੍ਹਾਂ ਦੀ ਕੋਈ ਬਾਣੀ ਜ਼ਰੂਰ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਕਰਦੇ, ਪਰ ਇਸ ਤਰ੍ਹਾਂ ਕੁਝ ਨਹੀਂ ਹੋਇਆ ।

ਮੀਆਂ ਮੀਰ ਦਾ ਨਾਮ ਤਾਰੀਖ-ਏ-ਬੂਟੇ ਸ਼ਾਹ ਵਿਚ ਜ਼ਰੂਰ ਆਉਂਦਾ ਹੈ ਜਿਸ ਤੋਂ ਸ਼ਾਇਦ ਕਈਆਂ ਲਿਖਾਰੀਆਂ ਨੇ ਇਸ ਗੱਲ ਦੀ ਸੇਧ ਲਈ ਹੈ ਕਿ ਨੀਂਹ ਮੀਆਂ ਮੀਰ ਜੀ ਨੇ ਰਖੀ । ਪਰ ਬੂਟੇ ਸ਼ਾਹ ਨੂੰ ਅਸੀਂ ਬਹੁਤੀ ਤਰਜੀਹ ਨਹੀਂ ਦਿੰਦੇ ਕਿਉਂਕਿ ਉਸਦੇ ਇਤਿਹਾਸ ਵਿਚ ਅਨੇਕਾਂ ਹੀ ਗਲਤ ਬਿਆਨੀਆਂ ਹਨ ਜੋ ਇਕ ਮੁਸਲਮਾਨ ਲਿਖਾਰੀ ਤੋਂ ਹੋਣੀਆਂ ਅਵਸ਼ਕ ਹਨ, ਜਿਵੇਂ ਕਿ ਗੁਰੂ ਅਰਜਨ ਦੀ ਸ਼ਹੀਦੀ ਬਾਰੇ ਉਹ ਸਿਰਫ ਹਿੰਦੂ ਚੰਦੂ ਨੂੰ ਹੀ ਦੋਸ਼ੀ ਠਹਿਰਾ ਰਿਹਾ ਹੈ । ਮੀਆਂ ਮੀਰ ਦੀ ਪੇਸ਼ੀਨਗੋਈ ਕਿ ਹਰਿਮੰਦਰ ਸਾਹਿਬ ਢੱਠ ਕੇ ਬਣੇਗਾ ਆਦਿ ਇਹੋ ਜਹੀਆਂ ਕਈ ਹੋਰ ਗੱਲਾਂ ਦੂਸਰੇ ਗੁਰੂਆਂ ਬਾਬਤ ਵੀ ਉਸਨੇ ਝੂਠੀਆਂ ਲਿਖੀਆਂ ਹਨ । ਬੂਟੇ ਸ਼ਾਹ ਬਾਰੇ ਰਤਨ ਸਿੰਘ ਭੰਗੂ ਇੰਝ ਲਿਖਦੇ ਹਨ :

ਯਹਿ ਤੋ ਹਾਲ ਲਿਖੈਗੋ ਐਸੇ ।
ਹੁਇ ਨੁਕਸਾਨ ਸਿੰਘਨ ਨੋ ਜੈਸੇ ।
ਮਤ ਕਿਤ ਐਸੀ ਲਿਖ ਦਿਖਰਾਵੈ ।
ਜਿਸ ਤੇ ਰਾਜ ਹਮਾਰੋ ਜਾਵੈ ।

ਅਤੇ

ਯਹਿ ਕਿਮ ਹਮਰੀ ਸਾਚ ਲਿਖੈ ਹੈ !
ਬਲਕਿ ਉਲਟੀ ਲਿਖ ਦਿਖ ਰੈਹੈ ।

ਆਮ ਤੌਰ ਤੇ ਮੀਆਂ ਮੀਰ ਨੂੰ ਇਕ ਬਜ਼ੁਰਗ ਦਿਖਾ-ਇਆ ਜਾਂਦਾ ਹੈ ਜਦ ਕਿ ਅਸੀਂ ਤਾਰੀਖ ਵਲ ਦੇਖਦੇ ਹਾਂ ਤਾਂ



Sri Satguru Jagjit Singh Ji eLibrary NamdhariElibrary@gmail.com

ਉਨ੍ਹਾਂ ਦੀ ਉਮਰ ੬੬/੬੭ ਸਾਲ ਤੋਂ ਵਧ ਨਹੀਂ ਸੀ। ਨੀਂਹ ਰਖਣ ਵੇਲੇ ਅਤੇ ਨਾ ਹੀ ਉਹ ਸਤਿਗੁਰੂ ਜੀ ਨੂੰ ਪਹਿਲਾਂ ਕਦੀ ਮਿਲੇ ਸਨ (ਪ੍ਰੋ: ਪਿਆਰਾ ਸਿੰਘ ਪਦਮ)

ਜਦੋਂ ਕਦੀ ਵੀ ਗੁਰੂ ਸਾਹਿਬ ਵਲੋਂ ਕੋਈ ਵੀ ਨਵੇਂ ਸ਼ਹਿਰ ਥਾਂ ਸਰੋਵਰ ਦਾ ਟੱਕ ਲਾਇਆ ਜਾਂਦਾ ਉਹ ਗੁਰੂ ਜੀ ਦੇ ਮੁਬਾਰਕ ਹਸਤ ਕੰਵਲਾਂ ਨਾਲ ਹੀ ਲਗਦਾ। ਜਿਵੇਂ ਕਿ ਕਰਤਾਰਪੁਰ ਦੀ ਨੀਂਹ ਗੁਰੂ ਨਾਨਕ ਆਪ ਰੱਖੀ। ਖ਼ਡੂਰ ਸਾਹਿਬ ਦੀ ਨਵੇਂ ਸਿਰਿਓਂ ਗੁਰੂ ਅੰਗਦ ਜੀ, ਸ੍ਰੀ ਗੋਇੰਦਵਾਲ ਸਾਹਿਬ ਨੂੰ ਗੁਰੂ ਅਮਰਦਾਸ ਜੀ ਨੇ ਵਸਾਇਆ। ਅੰਮ੍ਰਿਤਸਰ ਦੀ ਮੋਹੜੀ ਗੁਰੂ ਅਮਰਦਾਸ ਜੀ ਗੱਡੀ ਅਤੇ ਸੰਤੋਖਸਰ ਅਤੇ ਅੰਮ੍ਰਿਤਸਰ ਦੀ ਖੁਦਾਈ ਦਾ ਪਹਿਲਾ ਟੱਕ ਗੁਰੂ ਅਮਰਦਾਸ ਜੀ ਲਾਇਆ। ਤਰਨਤਾਰਨ ਦੀ ਨੀਂਹ ਗੁਰੂ ਅਰਜਨ ਜੀ ਰੱਖੀ—ਸਰੋਵਰ ਦੀ ਨੀਂਹ ਵੀ ਗੁਰੂ ਅਰਜਨ ਹੀ ਰੱਖੀ, ਅਕਾਲ ਤਖਤ ਦੀ ਨੀਂਹ ਗੁਰੂ ਹਰਗੋਬਿੰਦ ਪਾਤਸ਼ਾਹ ਆਪ ਰੱਖੀ।

ਇਹ ਸਾਰੇ ਸਬੂਤ ਇਸੇ ਗੱਲ ਨੂੰ ਸਾਬਤ ਕਰਦੇ ਹਨ ਕਿ ਕੋਈ ਵੀ ਕੰਮ ਜੋ ਗੁਰੂਕਿਆਂ ਨੇ ਆਰੰਭਿਆ ਉਸ ਦੀ ਸ਼ੁਰੂਆਤ ਉਨ੍ਹਾਂ ਆਪ ਹੀ ਕੀਤੀ ਅਤੇ ਕਿਸੇ ਹੋਰ ਕੋਲੋਂ ਨਹੀਂ ਕਰਵਾਈ।

---

## ਸੋਚਿਆ ਹੀ ਨਹੀਂ !

—ਲਖਵਿੰਦਰ ਸਿੰਘ ਬਾਜਵਾ

ਪਕੜੋ, ਮਾਰ ਦਿਓ, ਫੜ ਲਓ ਦਾ ਸ਼ੋਰ ਗੂੰਜਿਆ। ਲੋਕਾਂ ਦੀ ਵਹੀਰ ਉਸ ਉਤੇ ਟੁਟਕੇ ਪੈ ਗਈ...ਤੇ ਫਿਰ ਉਸ ਨੂੰ ਮਾਰ ਦਿਤਾ। ਚਾਰ-ਚੁਫੇਰੇ ਖਲੋਤੀ ਭੀੜ ਵਲ ਇਕ ਆਦਮੀ ਵਧਿਆ ਤੇ ਭੀੜ ਤੋਂ ਪੁਛਿਆ, "ਤੁਸੀਂ ਇਸ ਨੂੰ ਕਿਉਂ ਮਾਰਿਆ ?" ਸਾਰਿਆਂ ਨੇ ਇਕ ਦੂਜੇ ਕੋਲੋਂ ਪੁਛਿਆ, "ਆਪਾਂ ਇਸ ਨੂੰ ਕਿਉਂ ਮਾਰਿਆ ?"

ਪਰ ਕਿਸੇ ਕੋਲ ਵੀ ਇਸ ਗੱਲ ਦਾ ਜਵਾਬ ਨਹੀਂ ਸੀ; ਕਿਉਂਕਿ ਜਿਸ ਨੇ ਗੱਲ ਸ਼ੁਰੂ ਕੀਤੀ ਸੀ ਉਹ ਭੀੜ ਵਿਚ ਸ਼ਾਮਲ ਹੀ ਨਹੀਂ ਸੀ ਹੋਇਆ। ਹੁਣ ਲੋਕ ਪਸਚਾਤਾਪ ਕਰਦੇ ਵਾਪਸ ਮੁੜ ਰਹੇ ਸਨ। ਹਰ ਕੋਈ ਏਹੋ ਕਹਿ ਰਿਹਾ ਸੀ—"ਯਾਰ ! ਆਪਾਂ ਕੁਝ ਸੋਚਿਆ ਹੀ ਨਹੀਂ।"

(ੲ)






Sri Satguru Jagjit Singh Ji eLibrary NamdhariElibrary@gmail.com

## ਖ਼ਵਾਜਾ ਹਸਨ ਨਿਜ਼ਾਮੀ (੧੮੭੦-੧੯੫੫) ਦੀ ਕਲਮ ਤੋਂ

# ਬਹਾਦਰ ਸ਼ਾਹ ਜ਼ਫ਼ਰ

ਮੇਰੇ ਸਵਰਗਵਾਸੀ ਮਾਤਾ ਜੀ ਨੇ ਆਪਣੇ ਸਤਿਕਾਰਯੋਗ ਪਿਤਾ ਹਜ਼ਰਤ ਸ਼ਾਹ ਗੁਲਾਮ ਹਸਨ ਸਾਹਿਬ ਤੋਂ ਸੁਣੀ ਹੋਈ ਕਹਾਣੀ ਦੱਸੀ ਸੀ ਕਿ—ਜਿਸ ਦਿਨ ਬਹਾਦਰ ਸ਼ਾਹ ਦਿੱਲੀ ਦੇ ਕਿਲੇ ਵਿਚੋਂ ਨਿਕਲੇ ਤਾਂ ਸਿੱਧੇ ਦਰਗਾਹ ਹਜ਼ਰਤ ਨਿਜ਼ਾਮ-ਉ-ਦੀਨ ਔਲੀਆ ਵਿਚ ਹਾਜ਼ਰ ਹੋਏ। ਉਸ ਸਮੇਂ ਬਾਦਸ਼ਾਹ ਅਜੀਬ ਮਾਯੂਸੀ ਅਤੇ ਡਰ ਵਿਚ ਘਿਰੇ ਹੋਏ ਸਨ। ਕੁਝ ਖਾਸ ਗਿਣੇ-ਚੁਣੇ ਖ਼ਵਾਜਾ ਸਰਾਵਾਂ ਅਤੇ ਹਵਾਦਾਰ (ਮਰਦਾਂ ਦੇ ਬੈਠਣ ਦੀ ਪਾਲਕੀ) ਦੇ ਕਹਾਰਾਂ ਤੋਂ ਬਿਨਾਂ ਕੋਈ ਆਦਮੀ ਨਹੀਂ ਸੀ। ਚਿੰਤਾ ਅਤੇ ਡਰ ਨਾਲ ਬਾਦਸ਼ਾਹ ਦਾ ਚਿਹਰਾ ਉਤਰਿਆ ਹੋਇਆ ਸੀ ਅਤੇ ਮਿੱਟੀ ਤੇ ਗਰਦ ਸਫੇਦ ਦਾੜ੍ਹੀ ਉਤੇ ਜੰਮੀ ਹੋਈ ਸੀ। ਬਾਦਸ਼ਾਹ ਦੇ ਆਉਣ ਦੀ ਖਬਰ ਸੁਣ ਕੇ ਨਾਨਾ ਸਾਹਿਬ ਦਰਗਾਹ ਸ਼ਰੀਫ਼ ਵਿਚ ਹਾਜ਼ਰ ਹੋਏ। ਦੇਖਿਆ ਕਿ ਮਜ਼ਾਰ ਮੁਬਾਰਕ ਦੇ ਸਰ੍ਹਾਣੇ ਦਰਵਾਜ਼ੇ ਨਾਲ ਢੋਹ ਲਗਾ ਕੇ ਬੈਠੇ ਹਨ। ਮੈਨੂੰ ਦੇਖਦੇ ਹੀ ਜਿਵੇਂ ਹਮੇਸ਼ਾ ਹੁੰਦਾ ਸੀ, ਚਿਹਰੇ ਉਤੇ ਮੁਸਕਰਾਹਟ ਆ ਗਈ। ਫਿਰ ਕਿਹਾ, "ਮੈਂ ਤੈਨੂੰ ਪਹਿਲਾਂ ਹੀ ਕਹਿ ਦਿਤਾ ਸੀ ਕਿ ਉਹ ਕਮਬਖ਼ਤ ਵਿਦਰੋਹੀ ਸਿਪਾਹੀ ਮੂੰਹ ਜ਼ੋਰ ਹਨ ਅਤੇ ਉਨ੍ਹਾਂ ਉਤੇ ਵਿਸ਼ਵਾਸ ਕਰਨਾ ਗਲਤੀ ਹੈ। ਆਪ ਵੀ ਡੁਬਣਗੇ ਅਤੇ ਮੈਨੂੰ ਵੀ ਲੈ ਡੁੱਬਣਗੇ। ਆਖਰ ਉਹੀ ਹੋਇਆ। ਉਹ ਭੱਜ ਨਿਕਲੇ, ਭਾਵੇਂ ਮੈਂ ਇਕ ਅਜਿਹਾ ਫ਼ਕੀਰ ਹਾਂ ਜਿਸ ਨੇ ਮੋਹ ਮਾਇਆ ਤਿਆਗ ਦਿਤੀ ਹੈ, ਪਰ ਫਿਰ ਵੀ ਉਸ ਖੂਨ ਦੀ ਨਿਸ਼ਾਨੀ ਹਾਂ ਜਿਸ ਵਿਚ ਆਖਰੀ ਦਮ ਤਕ ਮੁਕਾਬਲਾ ਕਰਨ ਦੀ ਹਿੰਮਤ ਹੁੰਦੀ ਹੈ। ਮੇਰੇ ਵੱਡੇ ਵਡੇਰਿਆਂ ਉਤੇ ਇਸ ਨਾਲੋਂ ਜ਼ਿਆਦਾ ਬੁਰੇ ਦਿਨ ਆਏ, ਪਰ ਉਨ੍ਹਾਂ ਨੇ ਹਿੰਮਤ ਨਹੀਂ ਹਾਰੀ। ਪਰ ਮੈਨੂੰ ਤਾਂ ਪਹਿਲਾਂ ਤੋਂ ਹੀ ਅੰਤ ਦਿਖਾ ਦਿਤਾ ਗਿਆ। ਹੁਣ ਇਸ ਵਿਚ ਸ਼ੱਕ ਦੀ ਕੋਈ ਗੁੰਜਾਇਸ਼ ਨਹੀਂ ਕਿ ਮੈਂ ਹਿੰਦੁਸਤਾਨ ਦੇ ਤਖ਼ਤ ਉਤੇ ਤੈਮੂਰ ਦੀ ਆਖਰੀ ਨਿਸ਼ਾਨੀ ਹਾਂ। ਮੁਗ਼ਲ ਹਕੂਮਤ ਦਾ ਦੀਵਾ ਗੁੱਲ ਹੋ ਰਿਹਾ ਹੈ ਅਤੇ ਉਹ ਕੁਝ ਘੜੀਆਂ ਦੇ ਮਹਿਮਾਨ ਹਨ। ਫਿਰ ਜਾਣ ਬੁਝ ਕੇ ਬਿਨਾਂ ਕਾਰਨ ਹੀ ਖੂਨ ਕਿਉਂ ਬਹਾਇਆ ਜਾਵੇ ? ਇਸ ਲਈ ਕਿਲਾ ਛੱਡ ਕੇ ਚਲਾ ਆਇਆ। ਦੋਸ਼ ਖ਼ੁਦਾ ਦਾ ਹੈ। ਜਿਸ ਨੂੰ ਚਾਹਵੇ ਦੇਵੇ। ਸੈਂਕੜੇ ਸਾਲ ਸਾਡੀ ਨਸਲ ਨੇ ਹਿੰਦੁਸਤਾਨ ਉਤੇ ਹਿੰਮਤ ਨਾਲ ਰਾਜ ਕੀਤਾ ਹੁਣ ਦੂਸਰਿਆਂ ਦਾ ਸਮਾਂ ਹੈ। ਉਹ ਹਕੂਮਤ ਕਰਨਗੇ, ਬਾਦਸ਼ਾਹ ਅਖਵਾਉਣਗੇ ਅਤੇ ਅਸੀਂ ਉਨ੍ਹਾਂ ਦੇ ਹੱਥੋਂ ਹਾਰੇ ਹੋਏ ਕਹਾਵਾਂਗੇ। ਇਹ ਕੋਈ ਅਫਸੋਸ ਦੀ ਗੱਲ ਨਹੀਂ ਹੈ। ਆਖਰ ਅਸੀਂ ਵੀ ਤਾਂ ਦੂਸਰਿਆਂ ਨੂੰ ਖਤਮ ਕਰਕੇ ਆਪਣਾ ਘਰ ਵਸਾਇਆ।" ਇਨਾਂ ਨਿਰਾਸ਼ਾ ਭਰੀਆਂ ਗੱਲਾਂ ਦੇ ਬਾਅਦ ਬਾਦਸ਼ਾਹ ਨੇ ਇਕ ਸੰਦੂਕੜੀ ਦਿਤੀ ਅਤੇ ਕਿਹਾ ਕਿ ਲਓ ਇਹ ਤੁਹਾਡੇ ਹਵਾਲੇ ਹੈ! ਅਮੀਰ ਤੈਮੂਰ ਨੇ ਜਦੋਂ ਕੁਸਤੁਨਤੁਨੀਆ ਉਤੇ ਜਿੱਤ ਪ੍ਰਾਪਤ ਕੀਤੀ ਤਾਂ ਸੁਲਤਾਨ ਯਲਦਰਮ ਬਾਇਜ਼ੀਦ ਦੇ ਖਜ਼ਾਨੇ ਤੋਂ ਇਹ ਕੀਮਤੀ ਚੀਜ਼ ਹੱਥ ਲੱਗੀ ਸੀ। ਇਸ ਵਿਚ ਹਜ਼ੂਰ ਹਜ਼ਰਤ ਮੁਹੰਮਦ ਦੀ ਪਵਿੱਤਰ ਦਾੜ੍ਹੀ ਦੇ ਪੰਜ ਵਾਲ ਸਨ ਜੋ ਅਜ ਤਕ ਸਾਡੇ ਖ਼ਾਨਦਾਨ ਵਿਚ ਇਕ ਪਵਿੱਤਰ ਅਤੇ ਕੀਮਤੀ ਤੋਹਫ਼ੇ ਦੇ ਰੂਪ ਵਿਚ ਚਲੇ ਆਉਂਦੇ ਹਨ। ਹੁਣ ਮੇਰੇ ਲਈ ਜ਼ਮੀਨ ਅਤੇ ਅਸਮਾਨ ਵਿਚ ਕਿਤੇ ਵੀ ਥਾਂ ਟਿਕਾਣਾ ਨਹੀਂ ਹੈ। ਇਨ੍ਹਾਂ ਨੂੰ ਲੈ ਕੇ ਕਿਥੇ ਜਾਵਾਂ ? ਤੁਹਾਡੇ ਨਾਲੋਂ ਵਧਕੇ ਇਸ ਦਾ ਕੋਈ ਹੱਕਦਾਰ ਨਹੀਂ ਹੈ। ਲਓ ਇਸ ਨੂੰ ਰੱਖੋ। ਇਹ ਮੇਰੇ ਦਿਲ ਅਤੇ ਅੱਖਾਂ ਦੀ ਠੰਢਕ ਹੈ, ਜਿਸ ਨੂੰ ਅੱਜ ਦੇ ਦਿਨ ਦੀ ਭਿਆਨਕ ਮੁਸੀਬਤ ਵਿਚ ਆਪਣੇ ਨਾਲੋਂ ਜੁਦਾ ਕਰਦਾ ਹਾਂ। ਨਾਨਾ ਸਾਹਿਬ ਨੇ ਸੰਦੂਕੜੀ ਲੈ ਲਈ ਅਤੇ ਦਰਗਾਹ ਸ਼ਰੀਫ਼ ਦੇ ਤੋਸ਼ਾਖ਼ਾਨੇ ਵਿਚ ਰੱਖ ਦਿਤੀ ਜੋ ਹੁਣ ਤਕ ਮੌਜੂਦ ਹੈ ਅਤੇ ਹੋਰ ਪਵਿੱਤਰ ਅਤੇ ਕੀਮਤੀ ਚੀਜ਼ਾਂ ਵਾਂਗ ਹਰ ਸਾਲ ਸੰਨ ਹਿਜਰੀ ਦੇ ਤੀਸਰੇ ਮਹੀਨੇ ਸ਼ਰਧਾਲੂਆਂ ਨੂੰ ਇਸ ਦੇ ਦਰਸ਼ਨ ਕਰਾਏ ਜਾਂਦੇ ਹਨ।

ਨਾਨਾ ਸਾਹਿਬ ਨੂੰ ਬਾਦਸ਼ਾਹ ਨੇ ਕਿਹਾ ਕਿ ਅੱਜ ਤਿੰਨ ਦਿਨਾਂ ਤੋਂ ਖਾਣਾ ਖਾਣ ਦਾ ਮੌਕਾ ਨਹੀਂ ਮਿਲਿਆ। ਜੇਕਰ ਘਰ ਵਿਚ ਕੁਝ ਤਿਆਰ ਹੈ ਤਾਂ ਲੈ ਆਵੋ। ਨਾਨਾ ਸਾਹਿਬ ਨੇ ਕਿਹਾ ਕਿ ਉਹ ਲੋਕ ਵੀ ਮੌਤ ਦੇ ਕਿਨਾਰੇ ਖੜੇ ਹਨ। ਖਾਣਾ ਪਕਾਉਣ ਦੀ ਹੋਸ਼ ਹੀ ਨਹੀ। ਘਰ ਜਾਂਦਾ ਹਾਂ ਜੋ ਕੁਝ ਮੌਜੂਦ ਹੈ ਪੇਸ਼ ਕਰਦਾ ਹਾਂ। ਹੋ ਸਕੇ ਤਾਂ ਤੁਸੀਂ ਨਾਲ ਚਲੋ। ਜਦ ਤਕ ਮੈਂ ਜੀਉਂਦਾ ਹਾਂ ਅਤੇ ਮੇਰੇ ਬੱਚੇ ਸਲਾਮਤ ਹਨ ਤੁਹਾਨੂੰ ਕੋਈ ਵਿਅਕਤੀ ਹੱਥ ਨਹੀਂ ਲਾ ਸਕਦਾ। ਸਾਡੇ ਮਰਨ ਤੋਂ ਬਾਅਦ ਹੀ ਤੁਹਾਡੇ ਉੱਤੇ ਕੋਈ ਮੁਸੀਬਤ ਆ ਸਕਦੀ ਹੈ।



Sri Satguru Jagjit Singh Ji eLibrary NamdhariElibrary@gmail.com

ਬਾਦਸ਼ਾਹ ਨੇ ਕਿਹਾ, ਤੁਹਾਡਾ ਅਹਿਸਾਨ, ਜੇਕਰ ਆਪ ਅਜਿਹਾ ਕਹਿੰਦੇ ਹੋ ਪਰੰਤੂ ਬੁੱਢੇ ਸਰੀਰ ਦੀ ਦੇਖਭਾਲ ਲਈ ਆਪਣੇ ਪੀਰਾਂ ਦੀ ਔਲਾਦ ਨੂੰ ਕਤਲਗਾਹ ਵਿਚ ਭੇਜਣਾ ਮੈਨੂੰ ਕਦੇ ਗਵਾਰਾ ਨਹੀਂ ਹੋਵੇਗਾ। ਦਰਸ਼ਨ ਕਰ ਚੁਕਿਆਂ, ਅਮਾਨਤ ਹਵਾਲੇ ਕਰ ਦਿਤੀ। ਹੁਣ ਦੋ ਬੁਰਕੀਆਂ ਹਜ਼ਰਤ ਔਲੀਆ ਦੇ ਲੰਗਰ ਵਿਚੋਂ ਖਾ ਲਵਾਂ, ਫਿਰ ਹਿਮਾਯੂੰ ਦੇ ਮਕਬਰੇ ਵਿਚ ਚਲਾ ਜਾਵਾਂਗਾ। ਉਥੇ ਜੋ ਕਿਸਮਤ ਵਿਚ ਲਿਖਿਆ ਹੈ ਪੂਰਾ ਹੋ ਜਾਵੇਗਾ।

ਨਾਨਾ ਸਾਹਿਬ ਘਰ ਆਏ ਅਤੇ ਪੁਛਿਆ ਕਿ ਕੁਝ ਖਾਣ ਨੂੰ ਘਰ ਵਿਚ ਹੈ ? ਕਿਹਾ ਗਿਆ ਕਿ ਬੇਸਨੀ ਰੋਟੀ ਅਤੇ ਸਿਰਕੇ ਦੀ ਚੱਟਨੀ ਹੈ। ਇੰਝ ਉਹ ਇਕ ਵੱਡਾ ਥਾਲ ਜਿਸ ਨੂੰ ਕਪੜੇ ਨਾਲ ਢੱਕਿਆ ਹੋਇਆ ਸੀ ਸਜਾ ਕੇ ਲੈ ਆਏ। ਬਾਦਸ਼ਾਹ ਨੇ ਜਵਾਰ ਦੀ ਰੋਟੀ ਖਾ ਕੇ ਤਿੰਨ ਪਹਿਰਾਂ ਬਾਅਦ ਪਾਣੀ ਪੀਤਾ ਅਤੇ ਖ਼ੁਦਾ ਦਾ ਸ਼ੁਕਰ ਕੀਤਾ। ਇਸਦੇ ਬਾਅਦ ਹਿਮਾਯੂੰ ਦੇ ਮਕਬਰੇ ਵਿਚ ਜਾ ਕੇ ਗ੍ਰਿਫ਼ਤਾਰ ਹੋਏ ਅਤੇ ਰੰਗੂਨ ਭੇਜ ਦਿਤੇ ਗਏ। ਰੰਗੂਨ ਵਿਚ ਵੀ ਬਾਦਸ਼ਾਹ ਨੇ ਫ਼ਕੀਰਾਂ ਵਰਗਾ ਜੀਵਨ ਬਤੀਤ ਕੀਤਾ। ਉਹ ਜਦ ਤਕ ਜਿਊਂਦੇ ਰਹੇ ਸੰਤੁਸ਼ਟ ਵਿਅਕਤੀ ਅਤੇ ਅੱਲ੍ਹਾ ਉੱਤੇ ਭਰੋਸਾ ਰੱਖਣ ਵਾਲੇ ਫ਼ਕੀਰ ਦੀ ਤਰ੍ਹਾਂ ਵਕਤ ਗੁਜ਼ਾਰਦੇ ਰਹੇ।

## ਮਿਰਜ਼ਾ ਨਸੀਰ-ਉਲ-ਮੁਲਕ

ਇਹ ਦਿੱਲੀ ਹੈ ਜਿਸਨੂੰ ਹਿੰਦੁਸਤਾਨ ਦਾ ਦਿਲ ਅਤੇ ਹਕੂਮਤ ਦੀ ਰਾਜਧਾਨੀ ਕਹਿੰਦੇ ਹਨ। ਜਦੋਂ ਅਬਾਦ ਸੀ ਅਤੇ ਲਾਲ ਕਿਲੇ ਵਿਚ ਮੁਗਲਾਂ ਦੀ ਆਖ਼ਰੀ ਸ਼ਮਾ ਜਗ-ਮਗਾ ਰਹੀ ਸੀ ਅਤੇ ਜਦ ਮੁਸੀਬਤ ਸਿਰ 'ਤੇ ਪਈ ਤਾਂ ਇਸ ਵਿਚ ਰਹਿਣ ਵਾਲਿਆਂ ਦਾ ਅਚਾਰ ਵੀ ਬਦਲ ਗਿਆ।

ਜਦੋਂ ਹਾਕਮਾਂ ਦੇ ਅਚਾਰ ਬਦਲੇ ਤਾਂ ਜਨਤਾ ਵੀ ਦੁਰਾਚਾਰੀ ਹੋ ਗਈ। ਨਤੀਜਾ ਇਹ ਨਿਕਲਿਆ ਕਿ ਰਾਜਾ ਅਤੇ ਪਰਜਾ ਦੋਵੇਂ ਬਰਬਾਦ ਹੋ ਗਏ। ਮਿਸਾਲਾਂ ਤਾਂ ਹਜ਼ਾਰਾਂ ਦੀ ਗਿਣਤੀ ਵਿਚ ਹਨ ਪਰ ਮੈਂ ਇਕ ਸਿਖਿਆਦਾਇਕ ਕਹਾਣੀ ਸੁਣਾ ਕੇ ਹਿੰਦੁਸਤਾਨ ਦੇ ਵਾਸੀਆਂ ਨੂੰ ਖ਼ਾਸ ਤੌਰ ਤੇ ਮੁਸਲਮਾਨਾਂ ਅਤੇ ਸੂਫ਼ੀਆਂ ਨੂੰ ਖ਼ੁਦਾ ਦੇ ਖ਼ੌਫ਼ ਤੋਂ ਡਰਾਉਂਦਾ ਹਾਂ।

(੧) ਗ਼ਦਰ ਤੋਂ ਇਕ ਸਾਲ ਪਹਿਲਾਂ ਦਿੱਲੀ ਦੇ ਬਾਹਰ ਜੰਗਲ ਵਿਚ ਕੁਝ ਸ਼ਹਿਜ਼ਾਦੇ ਸ਼ਿਕਾਰ ਖੇਡਦੇ ਫਿਰਦੇ ਸਨ ਅਤੇ ਲਾਪਰਵਾਹੀ ਨਾਲ ਨਿੱਕੀਆਂ ਨਿੱਕੀਆਂ ਚਿੜੀਆਂ ਅਤੇ ਫ਼ਾਖ਼ਤਾਂ (ਘੁਗੀਆਂ) ਨੂੰ ਜਿਹੜੀਆਂ ਦੁਪਹਿਰ ਦੀ ਧੁੱਪ ਤੋਂ ਬਚਨ ਲਈ ਦਰਖ਼ਤਾਂ ਦੀਆਂ ਹਰੀਆਂ ਭਰੀਆਂ ਟਾਹਣੀਆਂ ਉਤੇ ਖ਼ੁਦਾ ਦੀ ਯਾਦ ਵਿਚ ਲੀਨ ਹੋਈਆਂ ਬੈਠੀਆਂ ਸਨ, ਨੂੰ ਗੁਲੇਲਾਂ ਮਾਰ ਰਹੇ ਸਨ। ਸਾਹਮਣਿਓਂ ਇਕ ਗੁਦੜੀਪੋਸ਼ ਫ਼ਕੀਰ ਆ ਨਿਕਲਿਆ ਅਤੇ ਉਸਨੇ ਬਹੁਤ ਅਦਬ ਨਾਲ ਸ਼ਹਿਜ਼ਾਦਿਆਂ ਨੂੰ ਸਲਾਮ ਕੀਤਾ ਅਤੇ ਕਿਹਾ, "ਪਿਆਰੇ ਸਾਹਿਬਜ਼ਾਦਿਓ ! ਇਨ੍ਹਾਂ ਬੇਜ਼ਬਾਨ ਜਾਨਵਰਾਂ ਨੂੰ ਕਿਉਂ ਸਤਾਉਂਦੇ ਹੋ ? ਇਨ੍ਹਾਂ ਨੇ ਤੁਹਾਡਾ ਕੀ ਬਿਗਾੜਿਆ ਹੈ। ਇਨ੍ਹਾਂ ਵਿਚ ਵੀ ਜਾਨ ਹੈ ਅਤੇ ਇਹ ਵੀ ਤੁਹਾਡੇ ਵਾਂਗ ਦੁੱਖ ਅਤੇ ਤਕਲੀਫ਼ ਮਹਿਸੂਸ ਕਰਦੇ ਹਨ ਪਰੰਤੂ ਬੇਵਸ ਹਨ ਇਸ ਲਈ ਮੂੰਹੋਂ ਕੁਝ ਨਹੀਂ ਕਹਿ ਸਕਦੇ। ਤੁਸੀਂ ਬਾਦਸ਼ਾਹ ਦੀ ਸੰਤਾਨ ਹੋ। ਬਾਦਸ਼ਾਹਾਂ ਨੂੰ ਆਪਣੇ ਮੁਲਕ ਵਿਚ ਰਹਿਣ ਵਾਲਿਆਂ ਨਾਲ ਮੁਹੱਬਤ ਅਤੇ ਦਇਆ ਕਰਨੀ ਚਾਹੀਦੀ ਹੈ। ਇਹ ਜਾਨਵਰ ਵੀ ਮੁਲਕ ਵਿਚ ਰਹਿੰਦੇ ਹਨ। ਇਨ੍ਹਾਂ ਨਾਲ ਵੀ ਨਿਆਂ ਅਤੇ ਦਇਆ ਦਾ ਵਤੀਰਾ ਕੀਤਾ ਜਾਵੇ ਤਾਂ ਬਾਦਸ਼ਾਹ ਦੀ ਸ਼ਾਨ ਵਧੇਗੀ।"

ਵੱਡੇ ਸ਼ਹਿਜ਼ਾਦੇ ਨੇ ਜਿਸਦੀ ਉਮਰ ੧੮ ਸਾਲ ਦੀ ਸੀ ਸ਼ਰਮਾ ਕੇ ਗੁਲੇਲ ਥੱਲੇ ਰੱਖ ਦਿੱਤੀ। ਪਰੰਤੂ ਛੋਟਾ ਸ਼ਹਿਜ਼ਾਦਾ ਮਿਰਜ਼ਾ ਨਸੀਰ-ਉਲ-ਮੁੱਲਕ ਖ਼ਫ਼ਾ ਹੋ ਕੇ ਬੋਲਿਆ 'ਜਾ ਓਏ ਜਾ ਦੋ ਟਕੇ ਦਾ ਆਦਮੀ ਸਾਨੂੰ ਨਸੀਹਤ ਦੇਣ ਆਇਆ ਹੈ। ਤੂੰ ਕੌਣ ਹੁੰਦਾ ਏਂ ਸਾਨੂੰ ਸਮਝਾਉਣ ਵਾਲਾ ? ਸੈਰ ਅਤੇ ਸ਼ਿਕਾਰ ਸਾਰੇ ਕਰਦੇ ਹਨ। ਅਸੀਂ ਕੀਤਾ ਤਾਂ ਕੀ ਗੁਨਾਹ ਹੋ ਗਿਆ ? ਫ਼ਕੀਰ ਬੋਲਿਆ 'ਸਾਹਿਬੇ ਆਲਮ (ਬਾਦਸ਼ਾਹ ਦੇ ਲਈ ਸੰਬੋਧਨ) ਨਰਾਜ਼ ਨਾ ਹੋਵੋ। ਸ਼ਿਕਾਰ ਅਜਿਹੇ ਜਾਨਵਰਾਂ ਦਾ ਕਰਨਾ ਚਾਹੀਦਾ ਹੈ ਕਿ ਜਾਨ ਇਕ ਦੀ ਜਾਵੇ ਅਤੇ ਦਸਾਂ ਜਣਿਆਂ ਦਾ ਪੇਟ ਭਰੇ। ਇਨ੍ਹਾਂ ਨਿੱਕੀਆਂ ਨਿੱਕੀਆਂ ਚਿੜੀਆਂ ਨੂੰ ਮਾਰਨ ਨਾਲ ਕੀ ਮਿਲੇਗਾ। ਵੀਹ ਮਾਰੋਗੇ ਤਾਂ ਵੀ ਇਕ ਆਦਮੀ ਦਾ ਪੇਟ ਨਹੀਂ ਭਰੇਗਾ ?" ਨਸੀਰ ਮਿਰਜ਼ਾ ਫ਼ਕੀਰ ਦੇ ਦੁਬਾਰਾ ਬੋਲਣ ਨਾਲ ਬਹੁਤ ਗੁੱਸੇ ਹੋਇਆ ਅਤੇ ਗੁਲੇਲ ਖਿੱਚ ਕੇ ਫ਼ਕੀਰ ਦੇ ਗੋਡਿਆਂ ਵਿਚ ਏਨੀ ਜ਼ੋਰ ਦੀ ਮਾਰੀ ਕਿ ਫ਼ਕੀਰ ਵਿਚਾਰਾ ਮੂੰਹ ਭਾਰ ਡਿੱਗ ਪਿਆ ਅਤੇ ਉਸਦੇ ਮੂੰਹ ਵਿਚੋਂ ਨਿਕਲਿਆ, ਹਾਏ ਲੱਤ ਤੋੜ ਦਿੱਤੀ।

ਫ਼ਕੀਰ ਦੇ ਡਿੱਗਦਿਆਂ ਹੀ ਸ਼ਹਿਜ਼ਾਦੇ ਘੋੜੀ ਉੱਤੇ



Sri Satguru Jagjit Singh Ji eLibrary NamdhariElibrary@gmail.com

ਸਵਾਰ ਹੋ ਕੇ ਕਿਲੇ ਵਲ ਚਲੇ ਗਏ । ਫ਼ਕੀਰ ਲੰਗੜਾਉਂਦਾ ਹੋਇਆ ਸਾਹਮਣੇ ਵਾਲੇ ਕਬਰਸਤਾਨ ਵਲ ਚਲਾ ਗਿਆ । ਉਹ ਡਿੱਗਦਾ ਢਹਿੰਦਾ ਜਾ ਰਿਹਾ ਸੀ ਅਤੇ ਕਹਿ ਰਿਹਾ ਸੀ ਉਹ ਤਖਤ ਕਿਵੇਂ ਆਬਾਦ ਰਹੇਗਾ ਜਿਸਦੇ ਮਾਲਕ ਏਨੇ ਜ਼ਾਲਮ ਹਨ । ਲੜਕੇ ਤੂੰ ਮੇਰੀ ਲੱਤ ਤੋੜ ਦਿੱਤੀ, ਖ਼ੁਦਾ ਤੇਰੀਆਂ ਲੱਤਾਂ ਵੀ ਤੋੜੇ ਅਤੇ ਤੈਨੂੰ ਵੀ ਇਸ ਤਰ੍ਹਾਂ ਹੀ ਦੁੱਖ ਅਤੇ ਮੁਸੀਬਤਾਂ ਦਾ ਸਾਹਮਣਾ ਕਰਨਾ ਪਵੇ ।

(੨) ਤੋਪਾਂ ਗਰਜ ਰਹੀਆਂ ਸਨ ਅਤੇ ਗੋਲੇ ਬਰਸ ਰਹੇ ਸਨ । ਜ਼ਮੀਨ ਉੱਤੇ ਚਾਰੇ ਪਾਸੇ ਲਾਸ਼ਾਂ ਦੇ ਢੇਰ ਨਜ਼ਰ ਆ ਰਹੇ ਸਨ । ਦਿੱਲੀ ਸ਼ਹਿਰ ਵੀਰਾਨ ਅਤੇ ਸੁੰਨਸਾਨ ਹੁੰਦਾ ਜਾ ਰਿਹਾ ਸੀ ਕਿ ਲਾਲ ਕਿਲੇ ਤੋਂ ਫਿਰ ਉਹੀ ਸ਼ਹਿਜ਼ਾਦੇ ਘੋੜਿਆਂ ਉਤੇ ਸਵਾਰ ਘਬਰਾਹਟ ਵਿਚ ਦੌੜਦੇ ਹੋਏ ਨਜ਼ਰ ਆਏ ਅਤੇ ਪਹਾੜਗੰਜ ਵਲ ਆਉਣ ਲੱਗੇ । ਦੂਸਰੇ ਪਾਸੇ ੨੦-੨੫ ਗੋਰੇ ਸਿਪਾਹੀ ਧਾਵਾ ਬੋਲਦੇ ਚਲੇ ਆ ਰਹੇ ਸਨ । ਉਨ੍ਹਾਂ ਘਟ ਉਮਰ ਦੇ ਇਨ੍ਹਾਂ ਸਵਾਰਾਂ ਉਤੇ ਇਕਦਮ ਬੰਦੂਕਾਂ ਚਲਾ ਦਿਤੀਆ । ਗੋਲੀਆਂ ਨੇ ਘੋੜਿਆਂ ਅਤੇ ਸਵਾਰਾਂ ਨੂੰ ਛਲਣੀ ਕਰ ਦਿਤਾ ਅਤੇ ਉਹ ਸ਼ਹਿਜ਼ਾਦੇ ਜ਼ਮੀਨ ਉਤੇ ਡਿਗ ਕੇ ਖੂਨ ਵਿਚ ਤੜਫਣ ਲਗੇ । ਗੋਰੇ ਜਦੋਂ ਨੇੜੇ ਆਏ ਤਾਂ ਦੇਖਿਆ ਕਿ ਦੋਵੇਂ ਸ਼ਹਿਜ਼ਾਦੇ ਮਰ ਚੁਕੇ ਸਨ ਪਰੰਤੂ ਇਕ ਸਾਹ ਲੈ ਰਿਹਾ ਸੀ । ਇਕ ਸਿਪਾਹੀ ਨੇ ਜਿਉਂਦੇ ਸ਼ਹਿਜ਼ਾਦੇ ਦਾ ਹੱਥ ਫੜ ਕੇ ਉਠਾਇਆ ਤਾਂ ਪਤਾ ਚਲਿਆ ਕਿਤੇ ਕੋਈ ਜ਼ਖਮ ਨਹੀਂ ਸੀ । ਘੋੜੇ ਤੋਂ ਡਿਗਦਿਆਂ ਮਾਮੂਲੀ ਸੱਟਾਂ ਲੱਗੀਆਂ ਸਨ ਅਤੇ ਉਸ ਨੂੰ ਡਰ ਦੇ ਮਾਰੇ ਗਸ਼ੀ ਪੈ ਗਈ । ਉਸ ਨੂੰ ਜਿਉਂਦਾ ਵੇਖ ਕੇ ਘੋੜੇ ਦੀ ਲਗਾਮ ਨਾਲ ਸ਼ਹਿਜ਼ਾਦੇ ਦੇ ਹੱਥ ਬੰਨ੍ਹ ਦਿਤੇ ਗਏ ਅਤੇ ਕੈਦੀ ਬਣਾ ਕੇ ਦੋ ਸਿਪਾਹੀਆਂ ਦੇ ਨਾਲ ਕੈਂਪ ਵਿਚ ਭੇਜ ਦਿਤਾ ਗਿਆ । ਕੈਂਪ ਪਹਾੜੀ ਉਤੇ ਸੀ ਜਿਥੇ ਗੋਰਿਆਂ ਤੋਂ ਇਲਾਵਾ ਕਾਲਿਆਂ ਦੀ ਵੀ ਫੌਜ ਸੀ ਜਦ ਵੱਡੇ ਸਾਹਿਬ ਨੂੰ ਪਤਾ ਚਲਿਆ ਕਿ ਬਾਦਸ਼ਾਹ ਦਾ ਪੋਤਾ ਨਸੀਰ-ਉਲ-ਮੁਲਕ ਹੈ, ਤਾਂ ਉਹ ਬਹੁਤ ਖੁਸ਼ ਹੋਏ ਅਤੇ ਹੁਕਮ ਦਿਤਾ ਕਿ ਇਸ ਨੂੰ ਹਿਫਾਜ਼ਤ ਵਿਚ ਰਖਿਆ ਜਾਵੇ ।

(੩) ਵਿਦਰੋਹੀ ਫੌਜਾਂ ਹਾਰ ਕੇ ਦੌੜਨ ਲਗੀਆਂ । ਅੰਗਰੇਜ਼ੀ ਸੈਨਾ ਧਾਵਾ ਬੋਲਦੀ ਹੋਈ ਸ਼ਹਿਰ ਵਿਚ ਦਾਖਿਲ ਹੋ ਗਈ । ਬਹਾਦਰ ਸ਼ਾਹ ਹਿਮਾਯੂੰ ਦੇ ਮਕਬਰੇ ਵਿਚ ਗ੍ਰਿਫਤਾਰ ਹੋ ਗਏ । ਤੈਮੂਰੀ ਖ਼ਾਨਦਾਨ ਦਾ ਚਿਰਾਗ਼ ਬੁਝ ਗਿਆ । ਜੰਗਲ ਸ਼ਰੀਫ ਸ਼ਹਿਜ਼ਾਦਿਆਂ ਦੇ ਨੰਗੇ ਸਿਰਾਂ ਅਤੇ ਬੇਪਰਦਾ ਚਿਹਰਿਆਂ ਨਾਲ ਆਬਾਦ ਹੋਣ ਲਗਾ । ਬਾਪ ਬੱਚਿਆਂ ਦੇ ਸਾਹਮਣੇ ਕਤਲ ਹੋਣ ਲਗੇ ਅਤੇ ਮਾਵਾਂ ਆਪਣੇ ਜਵਾਨ ਪੁੱਤਰਾਂ ਨੂੰ ਮਿੱਟੀ ਵਿਚ ਲੇਟਦਿਆਂ ਵੇਖ ਕੇ ਚੀਕਾਂ ਮਾਰਨ ਲਗੀਆਂ ।

ਅਜਿਹੀ ਸਥਿਤੀ ਵਿਚ ਪਹਾੜੀ ਕੈਂਪ ਤੇ ਮਿਰਜ਼ਾ ਨਸੀਰ-ਉਲ-ਮੁਲਕ ਰੱਸੀ ਨਾਲ ਬੱਝੇ ਬੈਠੇ ਸਨ ਕਿ ਇਕ ਪਠਾਣ ਸਿਪਾਹੀ ਦੌੜਦਾ ਹੋਇਆ ਆਇਆ ਅਤੇ ਕਹਿਣ ਲੱਗਾ, "ਮੈਂ ਤੁਹਾਡੀ ਰਿਹਾਈ ਲਈ ਸਾਹਿਬ ਤੋਂ ਇਜਾਜ਼ਤ ਲੈ ਲਈ ਹੈ, ਜਲਦੀ ਦੌੜ ਜਾਓ । ਅਜਿਹਾ ਨਾ ਹੋਵੇ ਕਿ ਦੂਸਰੀ ਮੁਸੀਬਤ ਵਿਚ ਫਸ ਜਾਵੋ ।"

ਮਿਰਜ਼ਾ ਵਿਚਾਰਾ ਪੈਦਲ ਚੱਲਣਾ ਨਹੀਂ ਸੀ ਜਾਣਦਾ । ਉਹ ਹੈਰਾਨ ਸਨ ਕਿ ਕੀ ਕਰਨ ? ਪਰੰਤੂ ਮਰਦਾ ਕੀ ਨਹੀਂ ਕਰਦਾ । ਪਠਾਣ ਦਾ ਸ਼ੁਕਰੀਆ ਕਰਕੇ ਨਿਕਲੇ ਅਤੇ ਜੰਗਲ ਵਲ ਨੂੰ ਚੱਲ ਪਏ । ਚੱਲ ਰਹੇ ਸਨ, ਪਰ ਇਹ ਖਬਰ ਨਹੀਂ ਸੀ ਕਿ ਕਿਥੇ ਜਾ ਰਹੇ ਹਨ । ਇਕ ਮੀਲ ਚੱਲੇ ਹੋਣਗੇ ਕਿ ਪੈਰਾਂ ਵਿਚ ਛਾਲੇ ਪੈ ਗਏ । ਜ਼ਬਾਨ ਖੁਸ਼ਕ ਹੋ ਗਈ, ਗਲ ਵਿਚ ਕੰਡੇ ਚੁੱਭਣ ਲੱਗੇ । ਥੱਕ ਕੇ ਇਕ ਦਰਖਤ ਦੀ ਛਾਂ ਹੇਠ ਬੈਠ ਗਏ । ਅੱਖਾਂ ਵਿਚ ਅੱਥਰੂ ਆ ਗਏ ਅਤੇ ਅਕਾਸ਼ ਵਲ ਵੇਖਿਆ ਕਿ ਅੱਲ੍ਹਾ ਇਹ ਕਿਹੜੀ ਮੁਸੀਬਤ ਸਾਡੇ ਉਤੇ ਆ ਪਈ ਹੈ ! ਅਸੀਂ ਕਿਥੇ ਜਾਈਏ ? ਕਿਥੇ ਸਾਡਾ ਟਿਕਾਣਾ ਹੈ ? ਉੱਪਰ ਨਜ਼ਰ ਉਠਾਈ ਤਾਂ ਦਰਖਤ ਉਤੇ ਪਈ । ਦੇਖਿਆ ਕਿ ਫ਼ਾਖ਼ਤਾ ਦਾ ਇਕ ਆਲ੍ਹਣਾ ਬਣਿਆ ਹੋਇਆ ਹੈ ਅਤੇ ਉਹ ਆਰਾਮ ਨਾਲ ਆਪਣੇ ਆਂਡਿਆਂ ਉਤੇ ਬੈਠੀ ਹੋਈ ਹੈ । ਉਸ ਦੀ ਆਜ਼ਾਦੀ ਅਤੇ ਆਰਾਮ ਉਤੇ ਸ਼ਹਿਜ਼ਾਦੇ ਨੂੰ ਬਹੁਤ ਈਰਖਾ ਹੋਈ ਅਤੇ ਕਹਿਣ ਲਗਾ, "ਫ਼ਾਖ਼ਤਾ ! ਮੇਰੇ ਨਾਲੋਂ ਤੂੰ ਲਖ ਦਰਜੇ ਚੰਗੀ ਏਂ, ਆਰਾਮ ਨਾਲ ਆਪਣੇ ਆਲ੍ਹਣੇ ਵਿਚ ਬੇਫ਼ਿਕਰ ਬੈਠੀ ਏਂ...ਮੇਰੇ ਲਈ ਤਾਂ ਅੱਜ ਜ਼ਮੀਨ ਅਤੇ ਅਸਮਾਨ ਦੋਵਾਂ 'ਤੇ ਕਿਤੇ ਜਗ੍ਹਾ ਨਹੀਂ ਹੈ ।"

**ਅਨੁਵਾਦਕ : ਬਲਦੇਵ ਸਿੰਘ ਬੱਦਨ**

(ਪੰਜਾਬੀ ਸਾਹਿਤ ਸਭਾ ਨਵੀਂ ਦਿੱਲੀ ਦੇ ਤ੍ਰੈ-ਮਾਸਕ "ਸਮਕਾਲੀ ਸਾਹਿਤ" ਜਨਵਰੀ-ਮਾਰਚ ੧੯੯੮ 'ਚੋਂ ਧੰਨਵਾਦ ਸਹਿਤ)



Sri Satguru Jagjit Singh Ji eLibrary NamdhariElibrary@gmail.com

# ਮੌਤ ਕੀ ਹੈ ?

—ਬੇਦੀ ਲਾਲ ਸਿੰਘ ਸਾਹਿਤਕਾਰ

ਮੌਤ ਸ਼ਬਦ ਨੂੰ ਵਖ ਵਖ ਭਾਸ਼ਾਵਾਂ ਦੇ ਆਧਾਰ ਤੇ ਵਖ ਵਖ ਨਾਵਾਂ ਨਾਲ ਕਿਹਾ ਜਾਂਦਾ ਹੈ । ਭਾਰਤ ਦੀ ਸਭ ਤੋਂ ਪੁਰਾਣੀ ਭਸ਼ਾ ਸੰਸਕ੍ਰਿਤ, ਪ੍ਰਾਕ੍ਰਿਤ ਨੂੰ ਹੀ ਮੰਨਿਆ ਜਾਂਦਾ ਹੈ । ਸੰਸਕ੍ਰਿਤ ਦੇ ਪ੍ਰਮਾਣਤ ਗਰੰਥਾਂ ਵਿਚ ਪ੍ਰਾਣੀ ਦੇ ਅੰਤ ਸਮੇਂ ਨੂੰ 'ਸੁਰਗਬਾਸ' ਸ਼ਬਦ ਨਾਲ ਅੰਕਿਤ ਕੀਤਾ ਹੋਇਆ ਹੈ । ਇਸ ਭਾਸ਼ਾ ਦੇ ਕੋਸ਼ਾਂ ਦੇ ਰਚਨਹਾਰਾਂ ਨੇ ਦੋ ਹੋਰ ਸ਼ਬਦ ਵਰਤਕੇ ਇਸ ਅੰਤ ਸਮੇਂ ਬਾਰੇ ਦਸਿਆ ਹੈ ਕਿ 'ਮਰ' ਤੇ 'ਅਮਰ' ਜੀਵਨ ਦੇ ਪ੍ਰਤੀ ਲਿਖੇ ਮਿਲਦੇ ਹਨ, ਜਿਨ੍ਹਾਂ ਦੇ ਅਰਥ ਇਸ ਪ੍ਰਕਾਰ ਹਨ—

ਅਮਰ=੧. ਮਿਰਤੂ ਤੋਂ ਰਹਿਤ । ੨. ਜੋ ਮਰੇ ਨਾ । ੩. ਸਦਾ ਜੀਵਣ ਵਾਲਾ । ੪. ਦੇਵਤਾ । ੫. 'ਅਮਰ' ਅਰਬੀ ਭਾਸ਼ਾ ਵਿਚ ਅਰਥ—'ਹੁਕਮ' ।

ਯਥਾ—"ਹਰਿ ਇਕਸੇ ਦਾ ਹੈ 'ਅਮਰ',
ਇਕੋ ਹਰਿ ਚਿਤਿ ਧਾਰ ॥"
(ਗੁਰੂ ਗਰੰਥ ਸਾਹਿਬ, ਪੰਨਾ ੮੩)
(ਗੁਰੂ ਗਰੰਥ ਕਸ਼, ਪੰਨਾ ੬)

ਸਨਾਤਨ ਧਰਮੀ ਪ੍ਰਾਣੀ ਦੇ ਅੰਤ ਸਮੇਂ ਨੂੰ 'ਸੁਗਰਵਾਸ ਹੋ ਗਿਆ' ਕਹਿੰਦੇ ਹਨ ।

ਸੰਸਕ੍ਰਿਤ ਭਾਸ਼ਾ ਦੇ ਕੋਸ਼ ਵਿਚ ਲਿਖਿਆ ਹੈ—

ਸੁਰਗ=੧. ਦੇਵ ਲੋਕ । ੨. ਇੰਦਰ ਦਾ ਲੋਕ ।

ਯਥਾ—"ਸਰਗ ਪਵਿਤਰਾ ਮਿਰਤ ਪਵਿਤਰਾ ।"
(ਪੰਨਾ ੮੮੩)

ਬਾਸ=੧. ਸੰਸਕ੍ਰਿਤ ਭਾਸ਼ਾ ਦਾ ਸ਼ਬਦ ਹੈ । ਪੰਜਾਬੀ ਰੂਪ 'ਵਸਣਾ' । ੨. ਨਿਵਾਸ । ੩. ਟਿਕਾਵ ।

ਯਥਾ—"ਬਾਸੁ ਜਾ ਕੇ ਹਿਤ ਨਾਮ ਸਿਉ ॥"
(ਪੰਨਾ ੧੪੦੨)

ਸਮੁੱਚਾ ਭਾਵ—ਦੇਵ ਲੋਕ ਜਾਂ ਇੰਦਰ ਲੋਕ ਵਿਚ ਵਾਸ ਹੋਣਾ ਨੂੰ ਸਰਗਵਾਸ ਕਹਿੰਦੇ ਹਨ ।

ਕਈ ਕਹਿੰਦੇ ਹਨ—ਪ੍ਰਾਣੀ ਮਾਤ ਲੋਕ ਪਧਾਰ ਗਿਆ ਹੈ, ਭਾਵ ਮਰ ਗਿਆ ਹੈ ।

ਯਥਾ—"ਨੇੜੇ ਦਿਸੇ ਮਾਤ ਲੋਕ,
ਤੁਧ ਸੂਝੈ ਦੂਰ ।" (ਪੰਨਾ ੯੬੯)

ਮਰ=ਸੰਸਕ੍ਰਿਤ, ਮਰਨਾ ਦਾ ਪੰਜਾਬੀ ਰੂਪ ਮਰਨ । ਭਾਵ ਜੀਉਂਦਿਆਂ ਨਾ ਰਹਿਣਾ ।

ਯਥਾ—"ਮਰਿ ਮਰਿ ਜਾਤੇ,
ਜਿਨ ਰਾਮ ਨ ਜਾਣਿਆ ॥" (ਪੰਨਾ ੬੨੯)

ਮੌਤ ਨੂੰ 'ਕਾਲ' ਵੀ ਆਖਦੇ ਹਨ । ਇਹ ਵੀ ਸੰਸਕ੍ਰਿਤ ਭਾਸ਼ਾ ਦਾ ਹੀ ਸ਼ਬਦ ਹੈ । ਜਿਸ ਦੇ ਅਰਥ ਹਨ—

੧. ਸਮਾਂ । ੨. ਮੌਤ (ਯਥਾ 'ਕਾਲ ਕੰਨਿਆ ਗ੍ਰਾਸਤੇ' ਪੰਨਾ ੧੩੫੯) । ੩. ਕਾਲੇ ਖੰਡਨਾ । ੪. ਕਾਲ ਕੰਟਕ । ੫. ਕਾਲ ਕੰਨਿਆ । ੬. ਕਾਲ ਬਿਕਾਲ, ਇਸ ਦੇ ਹੋਰ ਵੀ ਕਈ ਅਰਥ ਹਨ । ੭. ਸਮਾਂ ਆ ਗਿਆ, ਭਾਵ ਮੌਤ ਆ ਗਈ । ੮. ਚਲਾਣਾ ਕਰ ਗਿਆ ਭਾਵ ਮਰ ਗਿਆ ।

ਕੋਈ ਮਾੜੀ ਘਟਨਾ ਹੋ ਜਾਏ ਤਾਂ ਆਮ ਸਾਧਾਰਨ ਲੋਕ ਕਹਿੰਦੇ ਹਨ : ਇਹ ਹੋਣੀ ਕਾਹਦੀ ਸੀ ਇਹ ਤਾਂ ਮੌਤ ਸੀ ।
(ਲੋਕ ਸਾਹਿਤ ਪੰਨਾ ੧੪)

ਦਿਨ ਪੂਰੇ ਹੋ ਗਏ—ਭਾਵ ਮਰ ਗਏ । ਜੀਵਨ ਦੇ ਦਿਨ ਪੂਰੇ ਹੋਣਾ ਮੁਹਾਵਰਾ ਵੀ ਹੈ । ਸਾਧਾਰਨ ਵਿਅਕਤੀ ਵੀ ਅਫ਼ਸੋਸ ਕਰਨ ਆਏ ਕਹਿੰਦੇ ਹਨ ਕਿ "ਭੈਣ ਜੀ, ਉਹਨਾਂ ਦੇ ਦਿਨ ਪੂਰੇ ਹੋ ਗਏ ਸਨ, ਨਹੀਂ ਤਾਂ ਵੇਖਣ ਨੂੰ ਤਾਂ ਉਹ ਰਿਸ਼ਟ-ਪੁਸ਼ਟ ਸਨ ।

'ਸਵਾਸ ਅਸਤ' ਹੋਣ ਕਾਰਨ ਹੀ ਉਹਨਾਂ ਦੀ ਮੌਤ ਹੋਈ ਹੈ ।

'ਦੇਹਾਂਤ'=ਦੇਹ+ਅੰਤ । ਸਰੀਰ ਦੇ ਅੰਤ ਹੋਣ ਦਾ ਨਾਂ ਵੀ ਮੌਤ ਹੈ ।

'ਸਵਾਸ ਪੂਰੇ ਹੋਣਾ' ਦਾ ਭਾਵ ਵੀ ਮੌਤ ਹੋਣਾ ਹੀ ਹੈ ।

ਲਾ-ਇਲਾਜ ਰੋਗ ਨਹੀਂ, ਸਗੋਂ ਇਹ ਰੋਗ ਮੌਤ ਦਾ ਹੀ ਰੂਪ ਸੀ ।

ਹੋਰ ਵੀ ਕਈ ਸ਼ਬਦ ਹਨ, ਜਿਹੜੇ ਮੌਤ ਦੇ ਅਰਥ ਦੱਸਦੇ ਹਨ, ਪਰ 'ਮੌਤ' ਸ਼ਬਦ ਤਿੰਨ ਅਰਬੀ ਅੱਖਰਾਂ ਦਾ ਸੁਮੇਲ ਹੈ ਜਿਵੇਂ—

ਮੀਮ, ਵਾ ਤੇ ਤੇ=ਮ+ਵ+ਤ । ਇਹ ਅੱਖਰ ਫ਼ਾਰਸੀ ਲਿਖੀ ਦੇ ਹਨ, ਜੋ ਮੌਤ ਦੀ ਪ੍ਰੀਭਾਸ਼ਾ ਦੱਸਦੇ ਹਨ । ਭਾਵ—

ਮ=ਮੱਟੀਲੀ, ਸਰੀਰ, ਜਿਸਮ ।

ਵ=ਵਾਯੂ, ਰੂਹ, ਸਵਾਸ ।

ਤ=ਤਜਨਾ, ਛਡਨਾ, ਤਰਕ ਕਰਨਾ ।



Sri Satguru Jagjit Singh Ji eLibrary NamdhariElibrary@gmail.com

ਅਰਬੀ ਭਾਸ਼ਾ ਵਿਚ ਮੌਤ ਦੇ ਕਈ ਨਾਂ ਹਨ—੧. ਮੌਤ ੨. ਅਜਲ, ੩. ਕਜ਼ਾ, ੪. ਰਹਿਲਤ, ੫. ਵਫ਼ਾਤ। ਫ਼ਾਰਸੀ ਵਿਚ—ਮਰਗ।

ਸਮੁੱਚਾ ਭਾਵ—ਸਰੀਰ ਨੂੰ ਰੂਹ ਦੇ ਛੱਡਣ ਦਾ ਨਾਂ ਮੌਤ ਹੈ।

'ਮੌਤ' ਨੂੰ ਅੱਜ ਤਕ ਦੁਨੀਆਂ ਦਾ ਕੋਈ ਵੀ ਅਵਤਾਰ, ਪੈਗੰਬਰ, ਰਿਸ਼ੀ, ਜੋਗੀ, ਜੋਤਸ਼ੀ, ਗੁਰੂ, ਸਾਧ-ਸੰਤ, ਫ਼ੱਕਰ-ਦਰਵੇਸ਼ ਨਹੀਂ ਰੋਕ ਸਕਿਆ; ਸਗੋਂ ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਕਥਨ ਅਨੁਸਾਰ ਹਿੰਦੂ ਧਰਮ ਜਿਨ੍ਹਾਂ ਮਹਾਨ ਸ਼ਕਤੀਆਂ ਦੀ ਪੂਜਾ ਕਰਦੇ ਹਨ, ਉਹ ਕਾਲਵਸ ਹੋਏ ਹਨ। ਜਿਵੇਂ

ਕਾਲ ਪਾਇ ਬ੍ਰਹਮਾ ਬਪੁ ਧਰਾ ।
ਕਾਲ ਪਾਇ ਸਿਵਜੂ ਅਵਤਰਾ ॥
ਕਾਲ ਪਾਇ ਕਰਿ ਬਿਸਨ ਪ੍ਰਕਾਸਾ ॥
ਸਕਲ ਕਾਲ ਕਾ ਕੀਆ ਤਮਾਸਾ ॥

ਕਿਥੇ ਹਨ ਵੇਦਾਂ, ਸ਼ਾਸਤਰਾਂ, ਸਿਮ੍ਰਤੀਆਂ, ਸ਼ਰੁਤੀਆਂ, ਖਟ-ਦਰਸ਼ਨਾਂ ਦੇ ਕਰਤਾ, ਉਪਨਿਸ਼ਦਾਂ, ਪੁਰਾਣਾਂ, ਗੀਤਾ ਦੇ ਰਚਨਹਾਰ—ਜੋ ਆਪਣੇ ਆਪ ਨੂੰ ਭਗਵਾਨ ਕਹਿੰਦੇ ਸਨ ਤੇ ਵਿਰਾਟ ਆਦਿ ਸ਼ਕਤੀਆਂ ਰਖਦੇ ਸਨ ਤੇ ਕਹਿੰਦੇ ਸਨ, "ਐ ਅਰਜਨ ! ਤੂੰ ਐਵੇਂ ਮੋਹ-ਵੱਸ ਹੋਕੇ ਡਰ ਨਾ। ਆ ਵੇਖ ਵਿਰਾਟ, ਇਸ ਜੰਗ ਦਾ ਕਰਤਾ ਤਾਂ ਮੈਂ ਹੀ ਹਾਂ।" ਉਹ ਕਿਥੇ ਹਨ ? ਜਿਨ੍ਹਾਂ ਰਿਸ਼ੀਆਂ, ਮੁਨੀਆਂ, ਸਿੱਧਾਂ ਨੂੰ ਤ੍ਰੈਕਾਲ-ਦਰਸ਼ੀ ਦੱਸਦੇ ਹਨ। ਉਹ ਜੇ ਤਿੰਨਾਂ ਕਾਲਾਂ ਦੀਆਂ ਹੋਣੀਆਂ ਜਾਣਦੇ ਸਨ ਤੇ ਫਿਰ ਕਿਉਂ ਨਾ ਆਪਣੀ ਹੋਣੀ ਨੂੰ ਰੋਕਿਆ ? ਝੂਠੀਆਂ ਤੇ ਬੇਬੁਨਿਆਦ ਬਹੁਤ ਸਾਰੀਆਂ ਅਤਿ-ਕਥਨੀ ਗੱਲਾਂ ਲਿਖਾਰੀਆਂ ਨੇ ਲਿਖ ਕੇ ਸੱਚ ਤੇ ਧਰਮ ਦਾ ਸਟੀਲੀ ਪਰਦਾ ਪਾਇਆ ਹੋਇਆ ਹੈ। ਕਿਥੇ ਹੈ ਉਹ ਅਫ਼ਲਾਤੂਨ, ਜਿਸ ਨੇ ਮੌਤ ਨੂੰ ਜਿੱਤਣ ਲਈ ਆਪਣੇ ਵਰਗੇ ਕਈ ਅਫ਼ਲਾਤੂਨ ਬਣਾ ਦਿਤੇ ਸਨ ? 'ਕਾਲ' ਇਤਨਾ ਮਹਾਨ ਬਲੀ ਹੈ ਕਿ ਅੱਜ ਤੱਕ ਪਿੱਛੇ ਜਿੰਨੇ ਪੂਜਨੀਕ ਹੋਏ ਹਨ ਸਾਰੇ ਦੇ ਸਾਰੇ ਇਸ ਦਾ ਗਰਾਸ ਹੋਏ, ਪਰ ਇਹ ਆਪ ਓਸੇ ਤਰ੍ਹਾਂ ਕਾਇਮ ਹੈ। 'ਮੌਤ' ਦੇ ਪ੍ਰਤੀ ਕੋਈ ਵੀ ਮਹਾਨ ਹਸਤੀ ਕੁਝ ਵੀ ਨਹੀਂ ਕਰ ਸਕੀ ਕਿ ਮੌਤ ਕੀ ਹੈ ? ਤੇ ਕੀ ਸਰੂਪ ਰਖਦੀ ਹੈ ? ਤੇ ਕਿਥੇ ਵਾਸ ਕਰਦੀ ਹੈ ? ਜੋ ਜੀਵ ਨੂੰ ਦਿਤੇ ਸਮੇਂ ਤੋਂ ਇਕ ਪਲਕ ਵੀ ਅੱਗੇ ਜਾਣ ਦੀ ਆਗਿਆ ਨਹੀਂ ਦੇਂਦੀ। ਵਿਗਿਆਨੀ ਦੀ ਖੋਜ ਮੌਤ ਪ੍ਰਤੀ ਦੱਸਣ ਵਿਚ ਅਸਮਰਥ ਹੈ।

ਲੋਕ ਕਹਿੰਦੇ ਹਨ "ਜੀ ਇਸ ਸਾਇੰਸ ਦੇ ਯੁੱਗ ਵਿਚ ਅਧਿਆਤਮਵਾਦੀ ਐਵੇਂ ਗੱਲਾਂ ਰਾਹੀਂ ਧਰਮ ਦੇ ਪਰਦੇ ਹੇਠ ਲੋਕਾਂ ਨੂੰ ਆਪਣੇ ਪਿੱਛੇ ਲਾਈ ਫਿਰਦੇ ਹਨ", ਪਰ ਅਸੀਂ ਜੋ ਕਹਿੰਦੇ ਹਾਂ ਕਰਕੇ ਦੱਸਦੇ ਹਾਂ। ਪਰ ਤੁਸੀਂ ਧਰਮੀ ਲੋਕ ਗੱਲਾਂ ਤੇ ਦਲੀਲਾਂ ਨਾਲ ਹੀ ਸਾਨੂੰ ਟਾਲੀ ਜਾਂਦੇ ਹੋ। ਵਿਗਿਆਨੀ ਕਹਿੰਦਾ ਹੈ ਕਿ ਅਸੀਂ ਆਪ ਜੀ ਤੋਂ ਪੁਛਦੇ ਹਾਂ ਕਿ ਉਸਦਾ ਸਰੂਪ ਕੀ ਹੈ ? ਕਿਥੇ ਰਹਿੰਦੀ ਹੈ ? ਏਸੇ ਹੀ ਤਰ੍ਹਾਂ ਦਾ ਇਕ ਪ੍ਰਸ਼ਨ ਪੀਰ ਬਹਾਵਉਦੀਨ ਨੇ ਮੱਕੇ ਸ਼ਰੀਫ਼ ਦੀ ਗੋਸ਼ਟ ਸਮੇਂ ਗੁਰੂ ਨਾਨਕ ਜੀ ਤੇ ਕੀਤਾ ਸੀ, ਜਿਸ ਦਾ ਉਹਨਾਂ ਉੱਤਰ ਇਨ੍ਹਾਂ ਸ਼ਬਦਾਂ ਰਾਹੀਂ ਦਿਤਾ ਸੀ—ਉਸ ਦਾ ਰੂਪ ਨਹੀਂ ਹੈ। ਭਾਵ ਜੋਤ ਰੂਪ ਹੈ ਤੇ ਸੱਚ ਵਿਚ ਰਹਿੰਦਾ ਹੈ ਤੇ ਸੱਚ ਹੀ ਖਾਂਦਾ ਹੈ ਤੇ ਸੱਚ ਹੀ ਪਹਿਨਦਾ ਹੈ—ਤਦ ਪੀਰ ਬਹਾਵਉਦੀਨ ਗਿੜਗੜਾਕੇ ਬਾਬਾ ਜੀ ਦੇ ਚਰਨਾਂ ਤੇ ਢਹਿ ਪਿਆ ਤੇ ਕਹਿਣ ਲੱਗਾ :

"ਬਾਬਾ ਨਾਨਕਾ ਤੇਰੀਆਂ ਤੂੰ ਹੀ ਜਾਣੇ।"

ਕਹਿਣ ਦਾ ਭਾਵ ਇਹ ਹੈ ਕਿ ਉਸ ਨੂੰ ਜਾਣਨ ਲਈ ਉਸ ਦੇ ਜਾਣਨ ਪ੍ਰਤੀ ਜੋ ਪ੍ਰਮਾਣਿਕ ਪੁਸਤਕਾਂ ਰਿਸ਼ੀਆਂ ਨੇ ਲਿਖੀਆਂ ਹਨ ਪਹਿਲਾਂ ਉਹਨਾਂ ਨੂੰ ਪੜ੍ਹੋ ਤੇ ਫਿਰ ਅਜਿਹੇ ਪ੍ਰਸ਼ਨ ਜਿਨ੍ਹਾਂ ਵਿਦਿਆਰਥੀਆਂ ਨੇ ਐਮ.ਏ. ਦੇ ਵਿਸ਼ੇ ਪੜ੍ਹੇ ਹੀ ਨਹੀਂ ਉਹ ਪ੍ਰਸ਼ਨਕਾਰ ਨੂੰ ਉਹਨਾਂ ਪ੍ਰਤੀ ਕੀ ਦੱਸ ਸਕਦੇ ਹਨ। ਦੱਸੇਗਾ ਉਹੀ ਜਿਸ ਨੇ ਪੜ੍ਹ ਕੇ ਉਸ ਤੇ ਅਮਲ ਕੀਤਾ ਹੋਵੇਗਾ। ਇਤਨੇ ਮਹਾਨ ਕਰਤੇ ਨੂੰ ਗੱਲਾਂ ਨਾਲ ਨਹੀਂ ਅਮਲ ਨਾਲ ਜਾਣਿਆਂ ਜਾਂਦਾ ਹੈ। ਸੋ ਵਿਗਿਆਨੀ ਜੀ, ਅਸੀਂ ਕਿਸੇ ਵਾਦ-ਵਿਵਾਦ ਨੂੰ ਨਹੀਂ ਸ਼ਹੇੜਨਾ ਸਗੋਂ ਉਸ ਪ੍ਰਤੀ ਦੱਸੇ ਮਾਰਗ ਤੇ ਚਲ ਕੇ ਉਸ ਨੂੰ ਵੇਖਣਾ ਹੈ। ਵਿਗਿਆਨੀ ਜੀ ਤੁਹਾਡਾ ਤਾਂ ਸਰੀਰ ਵੀ ਤੁਹਾਡਾ ਨਹੀਂ, ਤੁਹਾਡੀ ਸੰਤਾਨ ਵੀ ਤੁਹਾਡੀ ਨਹੀਂ, ਤੁਹਾਡਾ ਸ਼ਾਹੀ ਬੰਗਲੋ ਵੀ ਤੁਹਾਡਾ ਨਹੀਂ, ਤੁਸੀਂ ਤਾਂ ਬਦੋਬਦੀ ਦੇ ਮਾਲਕ ਬਣੇ ਹੋ। ਛੱਡੋ ਇਸ ਵਿਵਾਦ ਨੂੰ। ਉਸ ਮਹਾਨ ਉਤੇ ਵਿਸ਼ਵਾਸ ਤੇ ਸ਼ਰਧਾ ਰੱਖਕੇ ਲੋਕ ਸੇਵਾ ਕਰਕੇ ਜੀਵਨ ਸਫਲ ਕਰੋ। ਹੋ ਸਕੇ ਤਾਂ ਉਸ ਦੀਆਂ ਬਖਸ਼ਿਸ਼ਾਂ ਦਾ ਧੰਨਵਾਦ ਕਰ ਛਡਿਆ ਕਰੋ। ਉਸ ਦੀ ਬਖਸ਼ਿਸ਼ ਦੇ ਕਾਰਨ ਹੀ ਤੁਹਾਡੇ ਦਿਮਾਗ ਵਿਚ ਅਜਿਹਾ ਉਸ ਦਾ ਬਖਸ਼ਿਆ ਗਿਆਨ ਹੈ। ਤੁਹਾਡਾ ਆਪਣਾ ਤਾਂ ਕੁਛ ਵੀ ਨਹੀਂ, ਤੁਹਾਡੇ ਪਾਸ ਜੋ ਕੁਝ ਹੈ ਉਹ ਮਾਲਕ ਦਾ ਹੈ।



Sri Satguru Jagjit Singh Ji eLibrary NamdhariElibrary@gmail.com

ਵਿਗਿਆਨੀ ਜੀ ਕਹਿਣ ਲਗੇ —ਚੰਗਾ ਜੀ ਫਿਰ ਹੁਣ ਅਸੀਂ ਤੁਸਾਡੇ ਬਚਨਾਂ ਤੋਂ ਸੰਤੁਸ਼ਟ ਹੋ ਕੇ ਅਜ ਤੋਂ ਇਹ ਗੱਲ ਆਖਣੀ ਛੱਡ ਕੇ ਕਿ ਇਹ ਮੇਰੀ ਕਾਢ ਹੈ, ਸਗੋਂ ਇਹ ਮੰਨਦੇ ਹਾਂ ਕਿ ਇਹ ਕਾਢ ਸਾਥੋਂ ਉਹ ਗੁਪਤ ਸੱਤਾ ਕਢਾ ਰਹੀ ਹੈ ਕਿਉਂਕਿ ਤੁਸੀਂ ਭਾਵੇਂ ਕਿੱਡੇ ਸਕਾਲਰ ਹੋ ਪਰ ਜੱਦੀ ਤੌਰ ਤੇ ਬਾਬਾ ਜੀ ਤੁਸਾਡਾ ਦਸਿਆ ਬਚਨ ਸਿਰ ਮੱਥੇ ਤੇ ਪ੍ਰਵਾਨ ਹੈ। ਇਹਨਾਂ ਨਾਲ ਬਚਨ-ਬਿਲਾਸ ਸਮੇਂ ਇਹ ਵੀ ਬਚਨ ਚੱਲਿਆ ਕਿ ਵਾਕਈ ਕੋਈ ਵੀ ਵਿਗਿਆਨੀ ਮੌਤ ਨੂੰ ਨਹੀਂ ਅੱਜ ਤਕ ਜਾਣ ਸਕਿਆ। ਦਾਸ ਨੇ ਕਿਹਾ ਵਿਗਿਆਨੀ ਜੀ ਇਹ ਸਰੀਰ ਜਦ ਸਾਡਾ ਹੈ ਹੀ ਨਹੀਂ, ਤੇ ਫਿਰ ਜਿਸ ਦਾ ਹੈ ਜੇ ਉਹ ਲੈ ਜਾਏ ਤਾਂ ਸਾਨੂੰ ਕਾਹਦਾ ਰੋਸਾ ਗਿਲਾ ਹੋ ਸਕਦਾ ਹੈ। ਚੀਜ਼ ਜਿਸਨੇ ਅਮਾਨਤ ਦੇ ਤੌਰ ਤੇ ਜੀਵ ਨੂੰ ਦਿਤੀ ਸੀ ਖਾਸ ਸਮੇਂ ਲਈ, ਜਦ ਸਮਾਂ ਹੋ ਗਿਆ ਤਾਂ ਉਹ ਆਪਣੀ ਦਿਤੀ ਚੀਜ਼ ਵਾਪਸ ਲੈ ਲੈਂਦਾ ਹੈ। ਇਸ ਪ੍ਰਤੀ ਵਾਦ ਕਰਨਾ ਉਚਿਤ ਨਹੀਂ।

ਸ਼ੁਕਰ ਵਾਲੀ ਗੱਲ ਹੈ ਕਿ ਨਾਮਧਾਰੀ ਸੰਪਰਦਾ ਨੇ ਮੌਤ ਦੇ ਘਰ ਵਿਚ ਹੋਣ ਪਿਛੋਂ ਘਰ ਵਿਚ ਜੋ ਰੋਣ-ਪਿੱਟਣ ਦਾ ਭੈੜਾ ਰਿਵਾਜ ਸੀ, ਖਤਮ ਕੀਤਾ ਹੋਇਆ ਹੈ। ਜਿਸ ਘਰ ਵਿਚ ਕੋਈ ਗਭਰੂ ਮੌਤ ਦਾ ਸ਼ਿਕਾਰ ਹੋ ਜਾਂਦਾ ਸੀ ਤਦ ਉਸ ਘਰ ਵਿਚ ਬਾਹਰੋਂ ਆਈਆਂ ਮਕਾਣਾਂ ਜੋ ਕਾਈਏ ਦੇ ਨਾਂ ਨਾਲ ਸੱਦੀਆਂ ਜਾਂਦੀਆਂ ਸਨ, ਘਰ ਦੀਆਂ ਤੇ ਬਾਹਰੋਂ ਆਈਆਂ ਜ਼ਨਾਨੀਆਂ ਦੇ ਵਿਚਕਾਰ ਮਰਾਸਨ ਅਲ੍ਹਾਣੀਆਂ ਗਭਰੂ ਜਾਂ ਮੁਟਿਆਰ ਦਾ ਨਾਂ ਲੈ ਲੈ ਜਦ ਅਲ੍ਹਾਉਂਦੀ ਸੀ ਤੇ ਜ਼ਨਾਨੀਆਂ ਪਿੱਟ ਪਿੱਟ ਕੇ ਆਪਣੀਆਂ ਗੱਲ੍ਹਾਂ ਛਾਤੀਆਂ ਤੇ ਪੱਟਾਂ ਤੇ ਜ਼ਖਮ ਕਰ ਲੈਂਦੀਆਂ ਸਨ। ਕਈ ਤਾਂ ਗਮ ਨਾਲ ਬੀਮਾਰ ਹੋ ਜਾਂਦੀਆਂ ਸਨ। ਇਸ ਸਿਆਪੇ ਦਾ ਉਨ੍ਹਾਂ ਤੇ ਭਾਰੀ ਅਸਰ ਹੁੰਦਾ ਸੀ।

ਪਰ ਭਲਾ ਹੋਵੇ ਨਾਮਧਾਰੀ ਸੰਪ੍ਰਦਾਇ ਦਾ ਜਿਸ ਨੇ ਭਾਣਾ ਮੰਨਣ ਦੀ ਪ੍ਰਥਾ ਨੂੰ ਅਮਲੀ ਰੂਪ ਵਿਚ ਪ੍ਰਚਲਤ ਕੀਤਾ। ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਨਾਮਧਾਰੀ ਸਿੱਖਾਂ ਨੂੰ ਆਦੇਸ਼ ਦਿਤਾ ਕਿ ਘਰ ਵਿਚ ਜਦ ਕਿਸੇ ਪ੍ਰਾਣੀ ਦਾ ਦੇਹਾਂਤ ਹੋ ਜਾਵੇ ਤਾਂ ਉਸ ਪਿਛੇ ਰੋਣਾ ਨਹੀਂ, ਸਗੋਂ ਸ਼ਬਦ ਕੀਰਤਨ ਕਰਨਾ ਤੇ ਬਾਣੀ ਪੜ੍ਹਨੀ। ਸੋਗ ਨਹੀਂ ਕਰਨਾ, ਸਗੋਂ ਸਸਕਾਰ ਕਰਨ ਉਪਰੰਤ ਗੁਰਦੁਆਰੇ ਕੜਾਹ ਪ੍ਰਸਾਦ ਕਰਕੇ ਪ੍ਰਾਣੀ ਦੇ ਨਾਂ ਦੀ ਅਰਦਾਸ ਕਰਾਕੇ ਸੰਗਤਾਂ ਵਿਚ ਵੰਡਣਾ। **ਚੌਥਾ, ਸਾਤਾ, ਦਸਮਾਂ, ਤੇਰ੍ਹਵਾਂ ਤੇ ਸਤਾਰਵਾਂ ਰਸਮੋ-ਰਿਵਾਜ ਨਹੀਂ ਕਰਨਾ, ਸਗੋਂ ਸਮੇਂ ਅਨੁਕੂਲ ਦਿਨ ਨਿਯਤ ਕਰਕੇ ਉਸ ਦੇ ਨਾਂ ਤੇ ਸਾਧਾਰਨ ਜਾਂ ਅਖੰਡ ਪਾਠ ਕਰਾ ਦੇਣ ਤੇ ਦੀਵਾਨ ਲਾਕੇ ਕੀਰਤਨ ਕਰਾਉਣਾ ਸਿੱਖ ਦਾ ਪ੍ਰਮੁਖ ਧਰਮ ਹੈ। ਨਾਮ ਸਿਮਰਨ ਤੇ ਬਾਣੀ ਪੜ੍ਹਨ ਨਾਲ ਆਪਣਾ ਤੇ ਕਾਲਵਸ ਹੋਏ ਜੀਵ ਦਾ ਭਲਾ ਹੁੰਦਾ ਹੈ। ਪਰਿਵਾਰ ਵਿਚ ਵੀ ਸੁਖ ਸ਼ਾਂਤੀ ਪ੍ਰਵੇਸ਼ ਕਰਦੀ ਹੈ।**

ਸੱਚ ਤਾਂ ਇਹ ਹੈ ਕਿ ਬਹੁਤ ਸਾਰੀਆਂ ਮਾੜੀਆਂ ਰਸਮਾਂ ਨਾਮਧਾਰੀ ਸੰਪਰਦਾ 'ਚੋਂ ਅੱਜ ਕਾਫ਼ੂਰ ਹੋ ਗਈਆਂ ਹਨ। ਮਕਾਣਾਂ, ਸਿਆਪੇ, ਸ਼ਾਦੀਆਂ ਵਿਆਹਾਂ ਆਦਿ ਰਿਵਾਜਾਂ ਦਾ ਅਮਲੀ ਸੁਧਾਰ ਕੀਤਾ ਹੈ। ਹੁਣ ਇਹਨਾਂ ਦੀ ਰੀਸੇ ਵੇਖੋ-ਵੇਖੀ ਧਰਮ ਤੇ ਕੁਝ ਮੁਖੀ ਸੰਤ ਸਜਨ ਤੇ ਸਰਕਾਰਾਂ ਵੀ ਵਿਆਹ ਸ਼ਾਦੀਆਂ ਕਰਨ ਲਗ ਪਏ ਹਨ। ਨਾਮਧਾਰੀਆਂ ਵਿਚ ਫ਼ੈਸ਼ਨਪ੍ਰਸਤੀ ਦਾ ਨਾਂ ਥੇਹ ਨਹੀਂ। ਨਾਮਧਾਰੀ ਸੱਚੀ ਸੁਚੀ ਕਿਰਤ ਕਰਕੇ ਜੀਵਨ ਬਤੀਤ ਕਰਦੇ ਹਨ। ਨਾਮਧਾਰੀਆਂ ਨੇ ਨਸ਼ਿਆਂ ਨੂੰ ਸਦਾ ਲਈ ਤਿਲਾਂਜਲੀ ਦਿਤੀ ਹੋਈ ਹੈ। ਨਾਮਧਾਰੀਆਂ ਦੀ ਜੀਵਨ ਕਿਰਿਆ ਵੀ ਸੱਚ ਦੇ ਹੀ ਆਸਮਤ ਹੈ। ਜਿਸ ਦੇ ਫਲਸਰੂਪ ਦੇਹਾਂਤ ਪ੍ਰਤੀ ਇਹਨਾਂ ਦਾ ਨਜ਼ਰੀਆ ਬੜਾ ਸਪਸ਼ਟ ਹੈ, ਜਿਵੇਂ ਅਸੀਂ ਪਹਿਲਾਂ ਦੱਸ ਆਏ ਹਾਂ। ਸੱਚ ਤਾਂ ਇਹ ਹੈ ਕਿ ਇਹ ਮੌਤ ਨੂੰ ਭਾਣਾ ਕਰਕੇ ਸਵੀਕਾਰ ਕਰਦੇ ਹਨ।

ਅਸਲ ਵਿਚ ਜੀਵ ਨੂੰ ਸੰਸਾਰ ਵਿਚ ਆਉਣ ਵੇਲੇ ਸਮੇਂ ਦੇ ਅੰਤਲੇ ਵਕਤ **ਰੂਹ ਦਾ ਸਰੀਰ ਨੂੰ ਛੱਡਣ ਦਾ ਨਾਂ ਮੌਤ ਹੈ।** ਮੌਤ ਦਾ ਭੈ ਪ੍ਰਾਣੀ ਨੂੰ ਸਿਮਰਨ ਤੇ ਸੇਵਾ ਦੀ ਪ੍ਰੇਰਨਾ ਦੇਂਦਾ ਹੈ। ਮੌਤ ਜੀਵ ਨੂੰ ਭੈ ਤੇ ਕੰਮਾਂ ਦੇ ਕਰਨ ਨੂੰ ਭੌ ਦੇ ਕੇ ਰੋਕਦੀ ਹੈ ਤੇ ਚੰਗੇ ਕੰਮ ਕਰਨ ਦਾ ਰਾਹ ਦਰਸਾਂਦੀ ਹੈ। ਮੌਤ ਇਨਸਾਨ ਨੂੰ ਇਹ ਵੀ ਦੱਸਦੀ ਹੈ ਕਿ ਤੇਰਾ ਜੀਵਨ ਥਿਰ ਨਹੀਂ ਸਗੋਂ ਇਕ ਦਿਨ ਮੇਰਾ ਗਰਾਸ ਹੋਣਾ ਹੈ। ਵਕਤ ਨੂੰ ਸੰਭਾਲ ਭਾਵ ਸਮੇਂ ਦੀ ਕਦਰ ਕਰਨੀ ਦੱਸਦੀ ਹੈ। ਪੁਰਾਤਨ ਗਰੰਥ ਦੱਸਦੇ ਹਨ ਕਿ ਮੌਤ ਕਰਮ ਦੇ ਆਧਾਰ ਤੇ ਹੁੰਦੀ ਹੈ। ਅਸਲ ਵਿਚ ਜੀਵ ਜੰਤੂਆਂ, ਪਰਿੰਦਿਆਂ, ਪ੍ਰਾਣੀਆਂ ਦੀ ਮੌਤ ਸੰਸਾਰ ਦੇ ਨਿਯਮਕ ਢਾਂਚੇ ਨੂੰ ਸੰਤੁਲਤ ਰਖਦੀ ਹੈ। ਮੌਤ ਲਾ-ਸ਼ਰੀਕ ਹੈ ਅਤੇ ਭੈ ਤੇ ਵੈਰ ਤੋਂ ਰਹਿਤ ਹੈ। ਇਸ ਲਈ ਮੌਤ ਤੋਂ ਡਰਨ ਦੀ ਥਾਂ ਮੌਤ ਨੂੰ ਚੇਤੇ ਰਖਕੇ ਜੀਵਨ ਯਾਤਰਾ ਸਫਲ ਕਰਨੀ ਉਚਿਤ ਹੈ, ਕਿਉਂਕਿ ਮੌਤ ਇਕ ਅਟਲ ਸੱਚਾਈ ਹੈ।



Sri Satguru Jagjit Singh Ji eLibrary NamdhariElibrary@gmail.com

ਇਕ ਰਿਪੋਰਟ

# ਜੀਵਨ ਨਗਰ ਦਾ ਹੋਲਾ-ਮਹਲਾ

"...ਤੇ ਫਿਰ ਕਿਵੇਂ ਕਰਨੀ ਆਂ ਜਾਣ ਦੀ ?"

"ਜੇ ਜਾਣਾ ਈ ਐ ਤਾਂ ਇਸ ਤਰ੍ਹਾਂ ਕਰਦਾ ਹਾਂ—ਮੈਂ ਆਪਣੇ ਭਰਾ ਨੂੰ ਦਿੱਲੀ ਏਅਰਪੋਰਟ ਤੇ ਛੱਡਣ ਜਾਣਾ ਐ, ਉਸਨੂੰ ਜਹਾਜ਼ੇ ਚੜ੍ਹਾ ਕ ਦਿੱਲੀ ਤੋਂ ਸਿੱਧਾ ਜੀਵਨ ਨਗਰ ਪਹੁੰਚ ਜਾਵਾਂਗਾ।" ਮੈਂ ਜਗਦੀਸ਼ ਭਾ ਜੀ ਨੂੰ ਕਿਹਾ।

ਕਾਹਲੀ ਨਾਲ ੧੩ ਮਾਰਚ ਨੂੰ ਦਿੱਲੀ ਦੇ ਬੱਸ ਸਟੈਂਡ ਤੇ ਪਹੁੰਚਾ। ਜਿਉਂ ਹੀ ਮੈਂ ਉਥੇ ਪਹੁੰਚਾ ਬੱਸ ਤਿਆਰ ਸੀ, ਪਰ ਬਹੁਤ ਭਰੀ ਹੋਈ ਸੀ। ਸੋਚਿਆ ਅਜੇ ਤਾਂ ਸਵੇਰ ਦੇ ਪੰਜ ਵਜੇ ਦਾ ਟਾਇਮ ਹੈ, ਕੋਈ ਹੋਰ ਬੱਸ ਮਿਲ ਜਾਏਗੀ। ਏਸ ਗੱਲ ਦਾ ਚਿੱਤ-ਖਿਆਲ ਵੀ ਨਹੀਂ ਸੀ ਕਿ ਅੱਜ ਹੋਲੀ ਹੈ। ਪੁਛਗਿਛ ਕਰਨ ਤੇ ਪਤਾ ਲੱਗਾ ਕਿ ਅੱਜ ੨ ਵਜੇ ਤਕ ਬੱਸਾਂ ਨਹੀਂ ਚੱਲਣਗੀਆਂ, ਕਿਉਂਕਿ ਦਿੱਲੀ-ਹਿਸਾਰ ਰੋਡ 'ਤੇ ਲੋਕ ਹੋਲੀ ਬਹੁਤ ਖੇਡਦੇ ਹਨ ਤੇ ਆਉਂਦੀਆਂ-ਜਾਂਦੀਆਂ ਬੱਸਾਂ ਉਪਰ ਚਿੱਕੜ-ਗਾਰਾ ਤੇ ਰੰਗ ਬਹੁਤ ਸੁਟਦੇ ਨੇ। ਇਸ ਕਰਕੇ ਬੱਸਾਂ ਬੰਦ ਕੀਤੀਆਂ ਹੋਈਆਂ ਨੇ। ਕਦੀ ਇਧਰ ਜਾਵਾਂ ਤੇ ਕਦੀ ਉਧਰ ਜਾਵਾਂ...ਹੁਣ ਕੀ ਕੀਤਾ ਜਾਵੇ ? ਮੇਰੇ ਨਾਲ ਯੂ.ਪੀ. ਤੋਂ ਆਇਆ ਇਕ ਨਾਮਧਾਰੀ ਸਿੱਖ ਅਤੇ ਉਸਦੀ ੧੦-੧੧ ਸਾਲ ਦੀ ਬੱਚੀ ਵੀ ਰਲ ਗਏ। ਜਿਸ ਵੇਲੇ ਕੋਈ ਗੱਲ ਨਾ ਬਣਦੀ ਦਿਸੀ ਤਾਂ ਹਾਰ ਕੇ ਬੈਠ ਗਏ। ਸੋਚਿਆ ਕਦੇ ਤਾਂ ਬੱਸ ਚੱਲੇਗੀ ਹੀ। ਡੇਢ ਕੁ ਵਜੇ ਦੇ ਨਾਲ ਇਕ ਪ੍ਰਾਈਵੇਟ ਬੱਸ ਆਈ। ਜੀਵਨ ਨਗਰ ਜਾਣ ਵਾਲੇ ੭-੮ ਨਾਮਧਾਰੀ ਹੋਰ ਵੀ ਆ ਗਏ ਸਨ। ਇਕ ਦੂਸਰੇ ਤੋਂ ਮੋਹਰੇ ਹੁੰਦੇ ਹੋਏ ਧੱਕਮ-ਧੱਕੀ ਬੱਸ ਵਿਚ ਚੜ੍ਹਕੇ ਸੀਟਾਂ ਮੱਲ ਲਈਆਂ। ਸ਼ੁਕਰ ਕੀਤਾ ! ਚਲੋ ਬੱਸ ਤਾਂ ਮਿਲ ਗਈ ਹੁਣ ਪਹੁੰਚ ਹੀ ਜਾਵਾਂਗੇ ਟਿਕਾਣੇ ਸਿਰ।

ਦਿੱਲੀ ਸ਼ਹਿਰ ਨੂੰ ਪਾਰ ਕਰਦੀ ਹੋਈ ਬੱਸ ਰੋਹਤਕ ਰੋਡ 'ਤੇ ਟੁਰ ਪਈ। ਹੋਲੀ ਦਾ ਤਿਉਹਾਰ ਤਾਂ ਖੁਸ਼ੀਆਂ ਦਾ ਤਿਉਹਾਰ ਹੈ, ਪਰ ਇਹ ਨਹੀਂ ਸੀ ਪਤਾ ਕਿ ਏਸ ਇਲਾਕੇ ਦੇ ਲੋਕ ਇੰਨੇ ਬੇਹੂਦਾ ਤਰੀਕੇ ਨਾਲ ਹੋਲੀ ਮਨਾਉਂਦੇ ਨੇ। ਚਲਦੀ ਬੱਸ ਉਤੇ ਕਈ ਥਾਈਂ ਨਿਆਣਿਆਂ ਤੇ ਸਿਆਣਿਆਂ ਨੇ ਰੰਗ ਸੁਟਿਆ। ਚਲਦੀ ਬੱਸ ਵਿਚ ਤਾਂ ਕੋਈ ਫਰਕ ਨਹੀਂ ਸੀ ਪੈਣਾ। ਜਿਸ ਵੇਲੇ ਸਾਡੀ ਬੱਸ ਰੋਹਤਕ ਤੋਂ ਕੋਈ ੧੦ ਕੁ ਕਿਲੋਮੀਟਰ ਅੱਗੇ ਗਈ ਤਾਂ ਇਕ ਪਿੰਡ ਦੇ ਬਹੁਤ ਸਾਰੇ ਲੋਕ ਇਕੱਠੇ ਹੋਕੇ ਸੜਕ ਤੇ ਖੜੇ ਸਨ। ਹੱਥਾਂ ਵਿਚ ਗਾਰੇ ਨਾਲ ਭਰੀਆਂ ਬਾਲਟੀਆਂ ਫੜੀਆਂ ਸਨ। ਕਿਸੇ ਕੋਲ ਰੰਗ ਦੀ ਪਿਚਕਾਰੀ ਤੇ ਕਿਸੇ ਕੋਲ ਪਾਣੀ ਦੀ ਬਾਲਟੀ। ਬਚ ਤਾਂ ਭਾਵੇਂ ਜਾਂਦੇ, ਪਰ ਸੜਕ ਤੇ ਥਾਂ ਥਾਂ ਬਰੇਕਰ ਬਣੇ ਹੋਣ ਕਾਰਨ ਬੱਸ ਨੂੰ ਬਾਰ-ਬਾਰ ਬਰੇਕ ਮਾਰਨੀ ਪੈਂਦੀ ਸੀ। ਜਿਉਂ ਹੀ ਬੱਸ ਰੁਕੀ, ਰੰਗ ਪਾਉਣ ਵਾਲਿਆਂ ਨੇ ਬੁਛਾੜ ਸ਼ੁਰੂ ਕਰ ਦਿਤੀ। ਤਾਕੀਆਂ ਬੰਦ ਹੋਣ ਕਰਕੇ ਕੁਝ ਸਵਾਰੀਆਂ ਤਾਂ ਬਚ ਗਈਆਂ, ਤੇ ਕਈਆਂ ਦਾ ਬੁਰਾ ਹਾਲ ਹੋਇਆ। ਸ਼ਰਾਰਤੀਆਂ ਨੇ ਤਿੰਨ-ਚਾਰ ਸ਼ੀਸ਼ੇ ਵੀ ਤੋੜ ਦਿਤੇ। ਡਰਾਈਵਰ ਕੰਡਕਟਰ ਨੇ ਬਹੁਤ ਮਿੰਨਤਾਂ ਕੀਤੀਆਂ, ਪਰ ਭੂਤਰੀ ਹੋਈ ਮੁੰਡੀਰ ਕਿਥੇ ਟਲਦੀ ਸੀ। ਇਕ ਨੇ ਪਿਛਲੇ ਪਹੀਏ ਦੀ ਹਵਾ ਕਢ ਦਿਤੀ ਤੇ ਦੂਸਰੇ ਦੀ ਕੱਢਣ ਦੀ ਕੋਸ਼ਿਸ਼ ਕੀਤੀ। ਕੁਝ ਸਿਆਣੇ ਬੰਦੇ ਰਹਿਮ-ਦਿਲ ਵਾਲਿਆਂ ਨੇ ਉਨ੍ਹਾਂ ਨੂੰ ਰੋਕਿਆ, ਤਾਂ ਜਾਕੇ ਕਿਤੇ ਬੱਸ ਤੁਰੀ। ਹੋਰ ਨੁਕਸਾਨ ਨਾ ਹੋਣ ਦੀ ਤਾਕ ਵਿਚ ਡਰਾਈਵਰ ਨੇ ਬੱਸ ਤੋਰ ਲਈ ਤੇ ਪਿੰਡੋਂ ਬਾਹਰ ਨਿਕਲਕੇ ਸਟਿੱਪਣੀ ਫਿੱਟ ਕਰਕੇ ਆਪਣਾ ਕੰਮ ਚਲਾਇਆ।

ਸੁਆਰੀਆਂ ਨਾਲ ਬੱਸ ਤੁੰਨੀ ਹੋਣ ਕਰਕੇ ਹਰ ਸਵਾਰੀ ਦਾ ਜੀਅ ਕਾਹਲਾ ਕਾਹਲਾ ਪੈਣ ਡਿਹਾ ਹੋਇਆ ਸੀ। ਕਈ ਜ਼ਿਆਦਾ ਟਾਈਟ ਹੋਣ ਕਰਕੇ ਇਕ ਦੂਸਰੇ ਦੇ ਗਲ ਪੈਣ ਨੂੰ ਫਿਰਦੇ ਸਨ। ਕਈਆਂ ਦਾ ਦਿਲ ਘਬਰਾ ਰਿਹਾ ਸੀ ਗਰਮੀ ਨਾਲ। ਸੜਕ ਵੀ ਬੜੀ ਖਰਾਬ ਸੀ, ਦਿਲ ਹੋਰ ਵੀ ਕਾਹਲਾ ਪੈ ਰਿਹਾ ਸੀ। ਔਖੇ ਸੁਖਾਲੇ ਹੁੰਦੇ ਹੋਏ ਬਚਦੇ-ਬਚਦੇ ਹਿਸਾਰ ਪਹੁੰਚ ਗਏ। ਸ਼ੁਕਰ ਕੀਤਾ। ਹਿਸਾਰ ਤੋਂ ਸਿਰਸੇ ਵਾਲੀ ਬੱਸ ਤਾਂ ਕੋਈ ਜਾਣੀ ਨਹੀਂ ਸੀ, ਪਰ ਸਵਾਰੀਆਂ ਜ਼ਿਆਦਾ ਦੇਖਕੇ ਡਰਾਈਵਰ ਨੇ ਬੱਸ ਤਿਆਰ ਕਰ ਲਈ ਤੇ ਸਿਰਸੇ ਪਹੁੰਚ ਗਏ। ਜਿਉਂ ਹੀ ਸਿਰਸੇ ਪਹੁੰਚੇ ਰਾਣੀਆਂ ਵਾਲੀ ਬੱਸ ਤਿਆਰ ਸੀ, ਉਸਨੇ ਸਾਨੂੰ ਜੀਵਨ ਨਗਰ ਲਾਹ ਦਿੱਤਾ। ਪੁੱਛ ਕੇ ਮੇਲੇ ਵਾਲੀ ਥਾਂ ਕਾਲਜ ਵਿਚ ਰਾਤ ਨੂੰ ਸਾਢੇ ਨੌਂ ਵਜੇ ਪਹੁੰਚ ਗਿਆ। ਪੁੱਛ ਗਿੱਛ ਦਫ਼ਤਰ ਤੋਂ ਪਤਾ ਕੀਤਾ ਤਾਂ ਪ੍ਰਬੰਧਕ ਕਹਿਣ ਲੱਗੇ, "ਤੇਰੇ ਬਾਰੇ ਜਗਦੀਸ਼ ਵਰਿਆਮ ਹੋਰੀਂ ਦੱਸ ਗਏ ਨੇ—ਪ੍ਰਸ਼ਾਦਾ ਛਕੋ ਤੇ ਆਰਾਮ ਕਰੋ। ਸਵੇਰੇ ਅਪਣਾ ਸਟਾਲ ਸਜਾ ਲੈਣਾ।

ਹੋਲਾ ਮਹੱਲਾ ਹਰ ਧਰਮ ਵਿਚ ਵੱਖੋ ਵੱਖ ਢੰਗ ਨਾਲ ਮਨਾਇਆ ਜਾਂਦਾ ਹੈ। ਅਨੰਦਪੁਰ ਸਾਹਿਬ ਦਾ ਹੋਲਾ ਮਹੱਲਾ



Sri Satguru Jagjit Singh Ji eLibrary NamdhariElibrary@gmail.com

ਆਪਣੇ ਆਪ ਵਿਚ ਇਕ ਮਿਸਾਲ ਹੈ। ਇਸੇ ਹੀ ਤਰ੍ਹਾਂ ਬਾਬਾ ਵਡਭਾਗ ਸਿੰਘ ਦੇ ਡੇਰੇ ਵੀ ਹੋਲਾ ਮਨਾਇਆ ਜਾਂਦਾ ਹੈ। ਨਾਮਧਾਰੀ ਪੰਥ ਵਿਚ ਹੋਲਾ ਆਪਣੀ ਕਿਸਮ ਨਾਲ ਮਨਾਇਆ ਜਾਂਦਾ ਹੈ। ਹੋਲਾ ਮਹੱਲਾ ਮਨਾਉਣ ਲਈ ਇਕ ਸਾਲ ਪਹਿਲਾਂ ਹੀ ਜਗ੍ਹਾ ਨਿਸਚਿਤ ਕਰ ਲਈ ਜਾਂਦੀ ਹੈ। ਸੱਚੇ ਪਾਤਸ਼ਾਹ ਸਤਿਗੁਰੂ ਜਗਜੀਤ ਸਿੰਘ ਜੀ ਦੀ ਛਤਰਛਾਇਆ ਹੇਠ ਇਹ ਮੇਲਾ ਮਨਾਇਆ ਜਾਂਦਾ ਹੈ। ਪਿਛਲੇ ਸਾਲ ਵੀ ਇਥੇ ਜੀਵਨ ਨਗਰ ਕਾਲਜ ਵਿਚ ਹੀ ਹੋਲਾ ਮਨਾਇਆ ਸੀ ਤੇ ਸਤਿਗੁਰਾਂ ਨੇ ਫੁਰਮਾਨ ਕੀਤਾ ਸੀ ਕਿ ਅਗਲੇ ਸਾਲ ਵੀ ਇਥੇ ਹੀ ਮਨਾਇਆ ਜਾਵੇਗਾ।

ਮੇਲਾ ਤਾਂ ੧੩ ਮਾਰਚ ਤੋਂ ਹੀ ਸ਼ੁਰੂ ਹੋ ਗਿਆ ਸੀ, ਪਰ ੧੪ ਮਾਰਚ ਨੂੰ ਦੂਰੋਂ ਨੇੜਿਓਂ ਸੰਗਤਾਂ ਹੁੰਮ ਹੁਮਾਕੇ ਪੁਜ ਰਹੀਆਂ ਸਨ। ਤੜਕੇ ਤੋਂ ਆਸਾ ਦੀ ਵਾਰ ਗਾਈ ਗਈ ਤੇ ੭ ਕੁ ਵਜੇ ਭੋਗ ਪਾਏ ਗਏ। ਉਸ ਤੋਂ ਬਾਦ ਦੀਵਾਨ ਸਜਾਏ ਗਏ ਤੇ ਸਾਰਾ ਦਿਨ ਨਾਮਧਾਰੀ ਜਥੇ ਢੋਲਕੀ ਛੈਣਿਆਂ ਨਾਲ ਗਾ ਕੇ ਸੰਗਤਾਂ ਨੂੰ ਨਿਹਾਲ ਕਰਦੇ ਰਹੇ। ਦੋ ਕੁ ਵਜੇ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਟੇਪ ਕੀਤੇ ਹੋਏ ਪ੍ਰਵਚਨ ਸੰਗਤਾਂ ਨੂੰ ਸੁਣਾਏ ਗਏ। ਜਿਸ ਵੇਲੇ ਇਹ ਪ੍ਰਵਚਨ ਸੁਣਾਏ ਜਾ ਰਹੇ ਸਨ ਤਾਂ ਪੰਡਾਲ ਵਿਚ ਬੈਠੀਆਂ ਸੰਗਤਾਂ ਮੰਤਰ-ਮੁਗਧ ਹੋ ਕੇ ਸਿਰ ਨਿਵਾਈ ਬੜੇ ਗੌਰ ਨਾਲ ਸੁਣ ਰਹੀਆਂ ਸਨ। ਇਸੇ ਤਰ੍ਹਾਂ ਲਗਾਤਾਰ ਦੀਵਾਨ ਲੱਗਦੇ ਗਏ ਤੇ ਆਪਣੇ ਮਿੱਥੇ ਸਮੇਂ ਮੁਤਾਬਿਕ ਰਾਗੀ ਜਥੇ ਟਾਇਮ ਪੂਰਾ ਕਰਕੇ ਅਗਲੇ ਜਥੇ ਨੂੰ ਟਾਇਮ ਦਿੰਦੇ ਰਹੇ। ਲੰਗਰ ਤਾਂ ਖੈਰ ਹਰ ਵੇਲੇ ਚਲਦਾ ਹੀ ਰਹਿੰਦਾ ਸੀ, ਜਿਸ ਵੇਲੇ ਵੀ ਜੀਅ ਚਾਹੇ ਸੰਗਤਾਂ ਲੰਗਰ ਛਕਦੀਆਂ ਸਨ। ਦੇਸੀ ਘਿਓ ਦਾ ਕੜਾਹ, ਚੋਪੜੇ ਹੋਏ ਪ੍ਰਸ਼ਾਦੇ ਤੇ ਦਾਲਾ ਬਹੁਤ ਹੀ ਸੁਆਦਲੇ ਸਨ। ਲੰਗਰ ਛਕਕੇ ਸੰਗਤਾਂ ਫਿਰ ਪੰਡਾਲ ਵਿਚ ਆਣ ਬੈਠਦੀਆਂ। ਰਾਤ ਦੇ ਦੀਵਾਨ ਵਿਚ ਬੜੀਆਂ ਜੋਸ਼ੀਲੀਆਂ ਵਾਰਾਂ ਵੀ ਗਾਈਆਂ ਗਈਆਂ। ਰਾਤ ਦੇ ਕਰੀਬ ਗਿਆਰਾਂ ਕੁ ਵਜੇ ਦਾ ਟਾਇਮ ਸੀ, ਉਸ ਵੇਲੇ ਜਿਹੜਾ ਜਥਾ ਵਾਰ ਗਾ ਰਿਹਾ ਸੀ ਉਹ ਬਹੁਤ ਹੀ ਦਰਦਨਾਕ ਲਹਿਜੇ ਨਾਲ ਵਖਿਆਨ ਕਰਕੇ ਤੇ ਉੱਚੀ ਉੱਚੀ ਸੁਰਾਂ ਕੱਢ ਕੇ ਸਤਿਗੁਰੂ ਰਾਮ ਸਿੰਘ ਦੇ ਵਿਛੋੜੇ ਦਾ ਸੱਲ ਗਾਉਂਦਾ ਸੀ। ਮੈਂ ਤਾਂ ਇਹ ਵੀ ਮਹਿਸੂਸ ਕੀਤਾ ਕਿ ਉਹ ਸਾਰਾ ਜਥਾ ਮਸਤਾਨਾ ਹੋ ਗਿਆ ਸੀ ਤੇ ਰੋਣ ਵਾਲੇ ਲਹਿਜੇ ਨਾਲ ਸੰਗਤਾਂ ਸਾਹਮਣੇ ਵਿਚਾਰ ਪੇਸ਼ ਕਰ ਰਿਹਾ ਸੀ। ਵਾਕਈ ਬਹੁਤ ਦਰਦ ਸੀ ਉਸ ਬੁਲਾਰੇ ਦੀ ਆਵਾਜ਼ ਵਿਚ। ਪੰਡਾਲ ਵਿਚ ਬੈਠੀਆਂ ਸੰਗਤਾਂ ਤਾਂ ਜ਼ਰੂਰ ਰੋਂਦੀਆਂ ਹੋਣਗੀਆਂ। ਦੂਰੋਂ ਸੁਣਦਿਆਂ ਮੇਰਾ ਵੀ ਚਿੱਤ ਹੋਰ ਤਰ੍ਹਾਂ ਹੋਣ ਲੱਗ ਪਿਆ। ਉਸਤੋਂ ਬਾਅਦ ਪਤਾ ਨਹੀਂ ਕਿਹੜੇ ਵੇਲੇ ਨੀਂਦ ਆ ਗਈ।

ਜਦੋਂ ਅੱਖ ਖੁਲ੍ਹੀ ਤਾਂ ਤੜਕੇ ਦੇ ਸਾਢੇ ੪ ਹੋ ਚੁਕੇ ਸਨ। ਲਾਗਲੇ ਪਿੰਡਾਂ ਦੀਆਂ ਸੰਗਤਾਂ ਕਾਹਲੀ ਕਾਹਲੀ ਤੁਰੀਆਂ ਆ ਰਹੀਆਂ ਸਨ ਤੇ ਪੰਡਾਲ ਵਿਚ ਬੈਠੀ ਜਾ ਰਹੀਆਂ ਸਨ। ਤੰਬੂਆਂ ਵਿਚਲੀਆਂ ਸੰਗਤਾਂ ਵੀ ਛੇਤੀ ਛੇਤੀ ਨਾਲ ਕੇਸੀਂ ਇਸ਼ਨਾਨ ਕਰਕੇ, ਸਾਫ-ਸੁਥਰੇ ਚਿੱਟੇ ਸਫੈਦ ਕੱਪੜੇ ਪਾਕੇ ਪੰਡਾਲ ਵਿਚ ਪਹੁੰਚ ਰਹੀਆਂ ਸਨ। ਸਭ ਨੂੰ ਆਸਾ ਦੀ ਵਾਰ ਦਾ ਕੀਰਤਨ ਸੁਣਨ ਅਤੇ ਸੱਚੇ ਪਾਤਸ਼ਾਹ ਦੇ ਦਰਸ਼ਨ ਕਰਨ ਦੀ ਤਾਂਘ ਲੱਗੀ ਹੋਈ ਸੀ। ਸਤਿਗੁਰੂ ਜਗਜੀਤ ਸਿੰਘ ਜੀ ਦਰਬਾਰ ਵਿਚ ਬਿਰਾਜਮਾਨ ਹੋਏ। ਹਜ਼ੂਰੀ ਰਾਗੀਆਂ ਨੇ ਉਨ੍ਹਾਂ ਦੇ ਆਉਣ 'ਤੇ

"ਸਾ ਧਰਤਿ ਭਈ ਹਰੀਆਵਲੀ,
ਜਿਥੈ ਮੇਰਾ ਸਤਿਗੁਰੁ ਬੈਠਾ ਆਇ ॥
ਸੇ ਜੰਤ ਭਏ ਹਰੀਆਵਲੇ,
ਜਿਨੀ ਮੇਰਾ ਸਤਿਗੁਰੁ ਦੇਖਿਆ ਜਾਇ ॥"

ਸ਼ਬਦ ਵੀ ਗਾਇਆ। ਸਤਿਗੁਰਾਂ ਨੇ ਆਪ ਵੀ ਆਸਾ ਦੀ ਵਾਰ ਗਾਉਣ ਵਿਚ ਹਿੱਸਾ ਲਿਆ। ਸਤਿਗੁਰੂ ਜੀ ਰਾਗ-ਵਿਦਿਆ ਵਿਚ ਪੂਰੇ ਨਿਪੁੰਨ ਹਨ। ਗਲੇ ਵਿਚ ਬੜਾ ਸੋਜ਼ ਹੈ। ਬੜੀ ਮਿੱਠੀ ਆਵਾਜ਼ ਹੈ। ਭੋਗ ਪੈਣ ਤੋਂ ਬਾਅਦ ਸਤਿਗੁਰਾਂ ਨੇ ਆਪਣੇ ਮੁਖਾਰਬਿੰਦ ਤੋਂ ਪ੍ਰਵਚਨ ਵੀ ਕੀਤੇ। ਹਰ ਪ੍ਰਾਣੀ ਨੂੰ ਨਾਮ ਜਪਣ ਦੀ ਪ੍ਰੇਰਨਾ ਕੀਤੀ। ਉਨ੍ਹਾਂ ਕਿਹਾ ਕਿ ਇਸ ਦੁਨੀਆ ਵਿਚ ਨਾਮ ਜਪਣਾ ਹੀ ਸਭ ਤੋਂ ਵੱਡਾ ਕੰਮ ਹੈ, ਹੋਰ ਸਭ ਕੰਮ ਐਵੇਂ ਹਨ।

ਭੋਗ ਪੈਣ ਉਪਰੰਤ ਸੈਕਟਰੀ ਸਾਹਿਬ ਨੇ ਸਾਰੇ ਦਿਨ ਦੇ ਪ੍ਰੋਗਰਾਮ ਅਨਾਊਂਸ ਕੀਤੇ। ਗਾਉਣ ਵਾਲੇ ਜਥਿਆਂ ਨੂੰ ਟਾਇਮ ਦਿਤੇ ਗਏ। ਸਾਰਾ ਦਿਨ ਸੰਗਤਾਂ ਦੀਵਾਨ ਵਿਚ ਕਥਾ ਕੀਰਤਨ ਦਾ ਅਨੰਦ ਮਾਣਦੀਆਂ ਰਹੀਆਂ। ਹਰ ਜਥਾ ਆਪਣੇ ਹੀ ਅੰਦਾਜ਼ ਵਿਚ ਗਾਉਂਦਾ ਸੀ।

ਇਧਰ, ਜਿਥੇ ਸਾਡੇ 'ਵਰਿਆਮ' ਦਾ ਸਟਾਲ ਲੱਗਾ ਸੀ, ਗਾਹਕਾਂ ਦਾ ਤੇ ਚੰਦੇ ਜਮ੍ਹਾਂ ਕਰਾਉਣ ਵਾਲਿਆਂ ਦਾ ਤਾਂਤਾ ਲਗਾ ਰਿਹਾ। ਸਾਡੇ ਪਿਛਲੇ ਪਾਸੇ ਸਫਾਂ ਉਤੇ



Sri Satguru Jagjit Singh Ji eLibrary NamdhariElibrary@gmail.com

ਬਹੁਤ ਸਾਰੇ ਕਵੀਆਂ ਦਾ ਮਜਮਾ ਲੱਗਾ ਹੋਇਆ ਸੀ। ਤਰ੍ਹਾਂ ਤਰ੍ਹਾਂ ਦੀਆਂ ਕਵਿਤਾਵਾਂ ਦੀ ਸੋਧ ਕੀਤੀ ਜਾ ਰਹੀ ਸੀ। ਸਮਾਂ ਆਉਣ ਤੇ ਕਵੀਜਨਾਂ ਨੇ ਕਵੀ ਦਰਬਾਰ ਵਿਚ ਹਿੱਸਾ ਲੈ ਕੇ ਆਪਣੀ ਆਪਣੀ ਕਵਿਤਾ ਬੋਲ ਕੇ ਸੰਗਤਾਂ ਕੋਲੋਂ ਇਨਾਮ ਪ੍ਰਾਪਤ ਕੀਤੇ। ਸਾਡੇ ਵਰਿਆਮ ਜੀ ਤਾਂ ਮੀਟਿੰਗਾਂ ਵਿਚ ਹੀ ਵਿਅਸਤ ਰਹੇ। ਨਾਮਧਾਰੀ ਦਰਬਾਰ ਦੀਆਂ ਮੀਟਿੰਗਾਂ ਵਿਚ ਕਈ ਅਹਿਮ ਮਤੇ ਪਾਸ ਕੀਤੇ ਗਏ।

੧੫ ਮਾਰਚ ਨੂੰ ਮੇਲਾ ਪੂਰੇ ਜੋਬਨ ਤੇ ਸੀ। ਸੰਗਤਾਂ ਦੀ ਕਾਫੀ ਭੀੜ ਸੀ। ਸਭ ਨੇ ਚਿੱਟਾ ਲਿਬਾਸ ਪਾਇਆ ਹੋਇਆ ਸੀ। ਦੂਰ ਤੱਕ ਦੇਖਿਆਂ ਇਵੇਂ ਮਲੂਮ ਹੁੰਦਾ ਸੀ ਜਿਵੇਂ ਹੰਸਾਂ ਦੀਆਂ ਡਾਰਾਂ ਘੁੰਮ ਰਹੀਆਂ ਹੋਣ। ਸ਼ਾਮ ਹੋਈ ਲਾਗਲੇ ਪਿੰਡਾਂ ਦੀਆਂ ਸੰਗਤਾਂ ਵਾਪਸ ਮੁੜ ਗਈਆਂ। ਅੱਜ ਵੀ ਸਤਿਗੁਰਾਂ ਨੇ ਦੁਪਹਿਰੇ ਪ੍ਰਵਚਨ ਕੀਤੇ। ਰਾਤ ਨੂੰ ਫਿਰ ਦੀਵਾਨ ਲੱਗੇ। ਕਲ੍ਹ ਰਾਤ ਦੀ ਤਰ੍ਹਾਂ ਅੱਜ ਰਾਤ ਵੀ ਸਾਢੇ ਕੁ ਗਿਆਰਾਂ ਵਜੇ ਦੇ ਲਾਗੇ ਇਕ ਜਥੇ ਦੇ ਮੁਖੀ ਬਾਬਾ ਛਿੰਦਾ ਸਿੰਘ ਜੀ ਨੇ ਸਤਿਗੁਰੂ ਰਾਮ ਸਿੰਘ ਜੀ ਦੇ ਸਮੇਂ ਦੀਆਂ ਘਟਨਾਵਾਂ ਦਾ ਵਰਨਣ ਇਸ ਤਰ੍ਹਾਂ ਵੈਰਾਗਮਈ ਤਰੀਕੇ ਨਾਲ ਕੀਤਾ ਕਿ ਸੁਣਨ ਵਾਲਿਆਂ ਦਾ ਮਨ ਪਸੀਜ ਗਿਆ ਸੀ। ਇਕ ਧਾਰਨਾ ਉਸ ਨੇ ਆਪਣੇ ਜਥੇ ਸਮੇਤ ਬਹੁਤ ਹੀ ਵੈਰਾਗ ਵਿਚ ਗਾਈ। ਘੜੀ-ਮੁੜੀ ਇਹੀ ਗਾਈ ਜਾਂਦਾ ਸੀ:

"ਤੇਰੀ ਯਾਦ ਸਤਾਂਦੀ ਹੈ..
ਉਹ ਜ਼ਮਾਨਾ ਯਾਦ ਆਉਂਦਾ ਹੈ!"

ਬਹੁਤ ਸਾਰੇ ਮਸਤਾਨੇ ਹੱਥਾਂ ਵਿਚ ਖੜਤਾਲਾਂ ਵਜਾ ਕੇ ਓਵੇਂ ਹੀ ਨੱਚ ਰਹੇ ਸਨ ਅਤੇ ਹਾਏ ਹਾਏ ਕਰ ਰਹੇ ਸਨ। ਇਸੇ ਤਰ੍ਹਾਂ ਸਾਰੀ ਰਾਤ ਦੀਵਾਨ ਚਲਦਾ ਰਿਹਾ।

ਇਸੇ ਹੀ ਰਾਤ ਨੂੰ ਸਾਡੇ ਵਰਿਆਮ ਦੇ ਸਟਾਲ ਦੇ ਤੰਬੂ ਵਿਚ ਨਾਮਧਾਰੀ ਧਰਮਸਾਲਾ ਸੈਂਟਰਲ ਟਾਊਨ ਜਲੰਧਰ ਦੇ ਗਰੰਥੀ ਜੋਗਿੰਦਰ ਸਿੰਘ ਜੀ ਦੇ ਪਿੰਡ ਦੇ ਕੁਝ ਨੌਜਵਾਨ ਨਾਮਧਾਰੀ ਸਿੱਖ ਸੁਤੇ ਹਏ ਸਨ। ਮੇਰੀ ਤਾਂ ਘੰਟਾ ਕੁ ਅੱਖ ਲੱਗੀ, ਪਰ ਉਹ ਸਾਰੀ ਰਾਤ ਘੁਰਾੜੇ ਮਾਰਦੇ ਰਹੇ। ੧੬ ਮਾਰਚ ਤੜਕੇ ਸਵਾ ਕੁ ਤਿੰਨ ਵਜੇ ਉਠਕੇ ਇਸ਼ਨਾਨ ਕਰਨ ਗਏ। ਜਾਂਦੇ ਹੋਏ ਮੈਨੂੰ ਜਗਾ ਕੇ ਕਹਿਣ ਲਗੇ, "ਭਾਊ ਜ਼ਰਾ ਖਿਆਲ ਰੱਖੀਂ, ਅਸੀਂ ਹੁਣੇ ਨਹਾਕੇ ਆਏ।" ਫੁਰਤੀ ਦੇਖੀ ਉਹਨਾਂ ਦੀ! ਮਿੰਟਾਂ ਵਿਚ ਹੀ ਨਹਾ-ਧੋਕੇ ਆ ਗਏ। ਕੱਪੜੇ ਬਦਲਣ ਵੇਲੇ ਬੜਾ ਸ਼ੁਗਲ ਲਾਇਆ। ਇਕ ਉਹਨਾਂ ਨਾਲ ਛੋਟਾ ਜਿਹਾ ਮੁੰਡਾ ਸੀ। ਵਿਚਾਰੇ ਨੂੰ ਨੁਹਾ ਤਾਂ ਦਿਤਾ, ਪਰ ਠੰਢ ਨਾਲ ਕੰਬੀ ਜਾਵੇ। ਇਕ ਜਣਾ ਆਪਣੀ ਅੰਬਰਸਰੀ ਬੋਲੀ ਵਿਚ ਉਸ ਨੂੰ ਕਹਿਣ ਲਗਾ, "ਕੰਜਰਾ, ਤੈਨੂੰ ਕਿਹਾ ਨਾ . ਮੇਲੇ 'ਚ ਤੜਕੇ ਉਠ ਕੇ ਨ੍ਹੌਣਾ ਪੈਣਾ ਈ। ਹੁਣ ਕੰਬੀ ਜਾਨੈ।" ਦੂਸਰਾ ਜਣਾ ਜਦ ਆਪਣਾ ਪਜਾਮਾ ਪਾਉਣ ਲੱਗਾ ਤਾਂ ਹੱਸਦਾ ਹੱਸਦਾ ਇਹ ਕਹਿ ਰਿਹਾ ਸੀ, "ਮਾਂਈਂ ਜਣੀ ਤੰਬੀ ਦਾ ਬੜਾ ਯੱਬ ਐ . ਇਹ ਪੈ ਗਈ ਤਾਂ ਸਾਰੇ ਕੰਮ ਸੂਤ ਆ ਜਾਣੇ ਆਂ!" ਮੈਨੂੰ ਉਸਦੇ ਇਸ ਅੰਬਰਸਰੀ ਡਾਇਲਾਗ ਤੇ ਬਹੁਤ ਹਾਸਾ ਆਇਆ। ਪਜਾਮੇ ਦੀ ਮੋਹਰੀ ਭੀੜੀ ਹੋਣ ਦੇ ਬਾਵਜੂਦ ਉਸ ਨੇ ਬੜੀ ਫੁਰਤੀ ਨਾਲ ਕੱਪੜੇ ਪਾ ਲਏ ਤੇ ਸਭ ਤੋਂ ਪਹਿਲਾਂ ਤਿਆਰ ਹੋ ਕੇ ਪੰਡਾਲ 'ਚ ਅੱਗੇ ਥਾਂ ਮੱਲਣ ਵਾਸਤੇ ਦੌੜ ਗਿਆ। ਉਨ੍ਹਾਂ ਤੋਂ ਬਾਦ ਮੈਂ ਵੀ ਤਿਆਰ ਹੋ ਕੇ ਪੰਡਾਲ ਵਿਚ ਗਿਆ ਤੇ ਸਤਿਗੁਰਾਂ ਦੇ ਦਰਸ਼ਨ ਕੀਤੇ ਅਤੇ ਮੱਥਾ ਟੇਕਕੇ ਵਾਪਸ ਸਟਾਲ ਤੇ ਆ ਗਿਆ।

ਆਸਾ ਦੀ ਵਾਰ ਤੋਂ ਬਾਅਦ ਛੇ ਜੋੜਿਆਂ ਦੇ ਅਨੰਦ ਕਾਰਜ ਹੋਏ। ਉਪਰੰਤ ਸਤਿਗੁਰੂ ਜਗਜੀਤ ਸਿੰਘ ਜੀ ਨੇ ਪ੍ਰਵਚਨ ਕੀਤੇ ਅਤੇ ਸੰਗਤਾਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਦੀ ਪ੍ਰੇਰਨਾ ਕੀਤੀ ਤੇ ਆਪਣਾ ਜੀਵਨ ਸਫਲਾ ਕਰਨ ਲਈ ਨਾਮ ਸਿਮਰਨ ਦਾ ਸਹਾਰਾ ਲੈਣ ਲਈ ਕਿਹਾ। ਇਸ ਦੇ ਨਾਲ ਹੀ ਮੇਲੇ ਦੀ ਸਮਾਪਤੀ ਹੋ ਗਈ। ਸਭ ਸੰਗਤਾਂ ਆਪੋ-ਆਪਣਾ ਬੋਰੀਆ-ਬਿਸਤਰਾ ਸਮੇਟਕੇ ਘਰੋ-ਘਰੀ ਜਾਣ ਲਈ ਰਾਹ ਲੱਭ ਰਹੀਆਂ ਸਨ।

ਅਸੀਂ ਵੀ ਆਪਣਾ ਸਮਾਨ ਪੈਕ ਕੀਤਾ ਤੇ ਰਵਾਨਾ ਹੋ ਗਏ ਇਧਰ ਨੂੰ ਆਉਣ ਲਈ। ਜਲੰਧਰ ਦੀ ਬੂਰੇ ਖਾਂ ਦੀ ਬਸਤੀ ਦੀ ਸੰਗਤ ਵੀ ਮੇਲੇ ਤੇ ਆਈ ਹੋਈ ਸੀ। ਅਸੀਂ ਉਨ੍ਹਾਂ ਦੇ ਨਾਲ ਟਰੱਕ ਵਿਚ ਬੈਠਕੇ, ਰਸਤੇ ਵਿਚ ਮੇਹਦੀਆਣਾ ਸਾਹਿਬ (ਗੁਰੂ ਗੋਬਿੰਦ ਸਿੰਘ ਜੀ ਦਾ ਗੁਰਦੁਆਰਾ) ਵੇਖਦੇ ਹੋਏ, ਸਾਰੀ ਵਾਟ ਸੰਗਤਾਂ ਦੁਆਰਾ ਢੋਲਕੀ ਛੈਣਿਆਂ ਨਾਲ ਕੀਰਤਨ ਸੁਣਦੇ ਹੋਏ ਜਲੰਧਰ ਪਹੁੰਚ ਗਏ।

ਸਮਾਗਮ ਤਾਂ ਸਮੁੰਦਰ ਵਾਂਗ ਵੱਡਾ ਸੀ ਅਤੇ ਪ੍ਰੋਗਰਾਮਾਂ ਦਾ ਪਰਵਾਹ ਤਾਂ ਚਲਦਾ ਰਿਹਾ। ਇਹ ਤਾਂ ਦੇਗ ਵਿਚੋਂ ਦਾਣਾ ਟੋਹਣ ਬਰਾਬਰ ਹੀ ਹੈ। ਪਰ ਮੇਰੀ ਸੋਚ ਦਾ ਵਿਸ਼ਾ ਬਣਿਆ ਰਿਹਾ ਕਿ ਕਿਥੇ ਉਹ ਹੋਲੀ ਗੰਦ-ਮੰਦ ਵਾਲੀ ਤੇ ਕਿਥੇ ਇਹ, ਹੋਲੀ ਕੀਨੀ ਸੰਤ ਸੇਵ।

— **ਬਲਦੇਵ ਰਾਜ**



Sri Satguru Jagjit Singh Ji eLibrary NamdhariElibrary@gmail.com

# ਜਥੇਦਾਰ ਨੱਥਾ ਸਿੰਘ

—ਅਜੀਤ ਸਿੰਘ ਚੀਮਾ

ਸ਼ਗੁਫਤਗੀ ਚਮਨ ਸਿਰਫ ਚੰਦ ਰੋਜ਼ ਹੈ,
ਹੈ ਸੱਚ ਯੂੰ ਕਿ ਹਰ ਫੂਲ ਹੈ ਖਜ਼ਾਂ ਕੇ ਲੀਏ ।

ਹਰ ਆਦਮੀ ਜੋ ਸੰਸਾਰ ਤੇ ਆਉਂਦਾ ਹੈ ਉਸ ਜਾਣਾ ਜ਼ਰੂਰ ਹੈ ਪਰ ਜੋ ਜਾਣ ਲੱਗਾ ਮਨੁੱਖ ਆਪਣੇ ਚੰਗੇ ਕਰਮਾਂ ਦੀ ਖ਼ੁਸ਼ਬੂ ਦੇ ਜਾਂਦਾ ਹੈ। ਉਹ ਬਹੁਤ ਸਮੇਂ ਤੀਕ ਲੋਕਾਂ ਦੇ ਦਿਲ ਦਿਮਾਗ ਤੇ ਅਸਰ ਕਰਦੀ ਰਹਿੰਦੀ ਹੈ । ਚੰਗੇ ਮਨੁੱਖਾਂ, ਸਿਆਣੇ ਕਿਰਤੀਆਂ ਤੇ ਵਧੀਆ ਗਰ ਸਿੱਖਾਂ ਚੋਂ ਸਨ ਸਾਡੇ ਹਰ ਦਿਲ ਅਜ਼ੀਜ਼ ਮਿੱਠ ਬੋਲੜੇ, ਉੱਚੇ ਆਚਰਣ ਦੇ ਮਾਲਕ ਜ: ਨੱਥਾ ਸਿੰਘ ਜੀ, ਜੋ ਸਾਡੇ ਵਿਚੋਂ ਦੇਹ ਕਰਕੇ ੧੬ ਜਨਵਰੀ ੧੯੯੮ ਨੂੰ ਸਦਾ ਲਈ ਵਿੱਛੜ ਗਏ ਹਨ। ੩੦ ਜਨਵਰੀ ੧੯੯੮ ਨੂੰ ਉਨ੍ਹਾਂ ਦੀ ਅੰਤਮ ਅਰਦਾਸ ਵਿਚ ਸ਼ਾਮਲ ਹੋਣਾ ਸਾਰਾ ਨਾਮਧਾਰੀ ਪੰਥ ਜਲੰਧਰ ਦੇ ਲੇਖਕ, ਕਵੀ ਤੇ ਅਖਬਾਰ ਨਵੀਸ ਵੀ ਆਪਣੀ ਸ਼ਰਧਾ ਦੇ ਫੁੱਲ ਲੈ ਕੇ ਸੰਤ ਜਗਦੀਸ਼ ਸਿੰਘ ਤੇ ਸ: ਨਰੈਣ ਸਿੰਘ ਦੇ ਘਰ ਭੇਟ ਕਰਨ ਆਏ । ਵਿਸ਼ੇਸ਼ ਤੌਰ ਤੇ ਸਤਿਗੁਰੂ ਜਗਜੀਤ ਸਿੰਘ ਜੀ ਦੀ ਆਮਦ ਨੇ ਇਸ ਸਮਾਗਮ ਨੂੰ ਚਾਰ ਚੰਦ ਲਾਏ ਸਨ ।

ਆਪ ਦਾ ਜਨਮ ਪਿੰਡ ਢੇਹ ਤਹਿਸੀਲ ਨਾਰੋਵਾਲ ਜ਼ਿਲਾ ਸਿਆਲਕੋਟ (ਪਾਕਿਸਤਾਨ) ਵਿਚ ਸੰਨ ੧੯੧੦ ਵਿਚ ਹੋਇਆ ਸੀ। ਪਹਿਲਾ ਆਪ ਦਾ ਜੀਵਨ ਨਿਰੋਲ ਪੇਂਡੂਆਂ ਵਰਗਾ ਸੀ। ਡਿੰਘੀ ਪੱਗ ਤੁਰਲੇ ਵਾਲੀ ਬੰਨ੍ਹ ਕੇ ਅਣੋਖੀ ਸ਼ਾਨ ਗਭਰੂਆਂ ਵਾਲੀ ਵਿਚ ਰਹਿਣਾ। ਸਮੇਂ ਨੇ ਪਲਟਾ ਮਾਰਿਆ, ਆਪ ਭਜਨ ਪੁੱਛ ਕੇ ਨਾਮਧਾਰੀ ਬਣ ਗਏ। ੧੯੪੭ ਵਿਚ ਵੰਡ ਤੋਂ ਬਾਦ ਆਪ ਜਲੰਧਰ ਵਿਚ ਆ ਕੇ ਆਬਾਦ ਹੋਏ । ਆਪਣੇ ਦਸਾਂ ਨੌਹਾਂ ਦੀ ਕ੍ਰਿਤ ਨਾਲ ਆਪਣੇ ਪੈਰਾਂ ਤੇ ਖਲੋਤੇ । ਉਹਨਾਂ ਦੇ ਘਰ ਸ: ਜਗਦੀਸ਼ ਸਿੰਘ ਵਰਿਆਮ, ਸ. ਨਰੈਣ ਸਿੰਘ ਮੈਨੇਜਰ ਬੈਂਕ ਆਫ਼ ਬੜੌਦਾ ਤੇ ਇੱਕ ਬੀਬੀ ਦਾ ਜਨਮ ਹੋਇਆ ।

**ਸੋਸ਼ਲ ਸੇਵਾ**—ਸੈਂਟਰਲ ਟਾਊਨ ਜਲੰਧਰ ਵਿਚ ਨਾਮਧਾਰੀ ਧਰਮਸਾਲਾ ਦੀ ਉਸਾਰੀ ਵਿਚ ਪੂਰਾ ਯੋਗਦਾਨ ਪਾਇਆ। ਆਪਣੀ ਕ੍ਰਿਤ ਤੋਂ ਵੇਹਲੇ ਹੋ ਕੇ ਧਰਮਸਾਲਾ ਵਿਚ ਓਵਰ ਟਾਈਮ ਦੇਂਦੇ ਰਹੇ । ਸ. ਸਰੈਣ ਸਿੰਘ, ਸ. ਅਮਰ ਸਿਘ ਜੀ ਨਾਲ ਧਰਮਸਾਲ ਦੀ ਮੁਕੰਮਲਤਾ ਵਿਚ ਪੂਰਾ ਸਾਥ ਦਿੱਤਾ ।

**ਜਥੇਦਾਰ ਦੇ ਰੂਪ ਵਿਚ**—ਆਪ ਕਿਸੇ ਖਾਸ ਵਿਦਿਆਲੇ ਵਿਚ ਨਹੀਂ ਸਨ ਪੜੇ, ਪਰ ਫਿਰ ਵੀ ਆਪਣੀ ਮੇਹਨਤ ਨਾਲ ਕਾਫੀ ਬਾਣੀ ਯਾਦ ਕੀਤੀ ਤੇ ਦੀਵਾਨ ਲਾਉਣ ਲਗ ਪਏ । ਆਪ ਦੀ ਰਸੀਲੀ ਜ਼ਬਾਨ ਮਿੱਠੀਆਂ ਮਿੱਠੀਆਂ ਧਾਰਨਾਂ ਸੰਗਤ ਨੂੰ ਆਪਣੇ ਵੱਲ ਬਦੋਬਦੀ ਪ੍ਰੇਰਤ ਕਰਦੀਆਂ ਸਨ ।

ਆਪ ਚੰਗੇ ਵਿਆਖਿਆਕਾਰ ਵੀ ਸਨ । ਇਕ ਵਾਰੀ ਅਸੀਂ ਜੰਮੂ ਬਸੰਤ ਤੇ ਗਏ । ਵਰਿਆਮ ਜੀ ਓਥੇ ਸਨ । ਸਭ ਤੋਂ ਪਿਛੋਂ ਆਪ ਨੂੰ ਸਮਾਂ ਮਿਲਿਆ । ਅਸੀਂ ਨਾਲ ਸਾਜੀ ਬੈਠ ਗਏ । ਦੀਵਾਨ ਦਾ ਐਸਾ ਰਸ ਬਣਿਆ ਕਿ ਅੱਜ ਤੀਕ ਉਹ ਰਸ ਚੇਤੇ ਆਉਂਦਾ ਹੈ ।

**ਪੰਥ ਨੂੰ ਦੇਣ** - ਜਥੇਦਾਰ ਜੀ ਦੀ ਜੋ ਸਭ ਤੋਂ ਉੱਤਮ ਦੇਣ ਨਾਮਧਾਰੀ ਪੰਥ ਨੂੰ ਹੈ, ਉਹ ਹੈ ਸੰਤ ਜਗਦੀਸ਼ ਸਿੰਘ ਜੀ 'ਵਰਿਆਮ' । ਇਹੋ ਜਿਹਾ ਕਾਬਲ ਹੀਰਾ ਪੰਥ ਲਈ ਵਖਰੇ ਕੰਮ ਹੈ । ਵਰਿਆਮ ਜੀ ਕਹਿੰਦੇ ਸਨ ਕਿ ਸਾਨੂੰ ਰੋਟੀ ਪਾਣੀ ਦਾ ਕੋਈ ਫ਼ਿਕਰ ਨਹੀਂ ਸੀ । ਜਥੇਦਾਰ ਜੀ ਦਿਹਾੜੀ ਕਰਕੇ ਟੱਬਰ ਪਾਲਦੇ ਰਹੇ ਅਤੇ ਅਸੀਂ ਸਾਹਿਤ ਸੇਵਾ ਵਿਚ ਲੱਗੇ ਰਹੇ । 'ਵਰਿਆਮ' ਰਸਾਲਾ ਵੀ ਤਾਂ ਹੀ ਨਿਕਲ ਸਕਿਆ ਜੇ ਘਰ ਦੇ ਖਰਚ ਤੋਰਨ ਤੋਂ ਬੇਫਿਕਰ ਰਹੇ । ਅਸਲ ਵਿਚ ਵਰਿਆਮ ਜੀ ਜੋ ਸਾਹਿਤਕ ਸਰਗਰਮੀਆਂ ਵਿਚ ਅਗੇ ਵਧੇ ਹਨ, ਇਹ ਸਭ ਜਥੇਦਾਰ ਜੀ ਦੀ ਦੇਣ ਹੈ ਨਹੀਂ ਤਾਂ ਪਰਚਾ ਕੱਢਣਾ ਸੁਖਾਲਾ ਕੰਮ ਨਹੀਂ ।

**ਆਮ ਸਿੱਖ ਸੰਸਥਾਵਾਂ ਨਾਲ ਮੇਲ**—ਸ਼ਹਿਰ ਵਿਚ ਜਦ ਗੁਰੂ ਨਾਨਕ ਦੇਵ ਜੀ ਦੇ ਪੁਰਬ ਜਾਂ ਗੁਰੂ ਗੋਬਿੰਦ ਸਿੰਘ ਜੀ ਦੇ ਪੁਰਬ ਤੇ ਨਗਰ ਕੀਰਤਨ ਹੋਣਾ ਤਾਂ ਸਭ ਤੋਂ ਅੱਗੇ ਜਥੇਦਾਰ ਜੀ ਸ਼ਬਦ ਪੜ੍ਹਕੇ ਰੌਣਕ ਨੂੰ ਚਾਰ ਚੰਦ ਲਾਉਂਦੇ ਸਨ ।

**ਸ਼ਰਧਾਲੂ ਸਿੱਖ**— ਆਪਦੇ ਅੰਦਰ ਗੁਰੂ ਘਰ ਲਈ ਇੰਨਾਂ ਪਿਆਰ ਸੀ ਕਿ ਹਰ ਵੇਲੇ ਗੁਰੂ ਘਰ ਦੀ ਉਸਤਤ ਹੀ ਕਰਦੇ ਰਹਿਣਾ ਜਦੋਂ ਭੈਣੀ ਸਾਹਿਬ ਤੋਂ ਸੇਵਾ ਦਾ ਹੁਕਮ ਆਉਣਾ ਤਾਂ ਸਭ ਤੋਂ ਅੱਗੇ ਹੋ ਕੇ ਜਾਣਾ । ਜੋ ਵੀ ਸੇਵਾ ਦਾ ਹੁਕਮ ਮਿਲੇ ਉਸਨੂੰ ਸ਼ਰਧਾ ਭਾਵਨਾ ਨਾਲ ਕਰਨਾ ਤੇ



Sri Satguru Jagjit Singh Ji eLibrary NamdhariElibrary@gmail.com

ਸਤਿਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰਨੀਆਂ। ਅੰਤਮ ਸਮੇਂ ਜੋ ਜਥੇਦਾਰ ਦੇ ਭੋਗ ਦੀ ਰਸਮ ਤੇ ਹਾਜ਼ਰ ਹੋਏ ਉਹ ਹੇਠ ਲਿਖੇ ਸਨ—ਪੰਡਤ ਗੁਪਾਲ ਸਿੰਘ, ਜ. ਗਿਆਨ ਸਿੰਘ, ਸੰਤ ਅਜੈਬ ਸਿੰਘ, ਜ. ਹਜਾਰਾ ਸਿੰਘ, ਜ. ਅਜੀਤ ਸਿੰਘ, ਜ. ਬਲਬੀਰ ਸਿੰਘ ਆਦਿ ਨੇ ਦਰਸ਼ਨ ਦਿੱਤੇ। ਇਸ ਤੋਂ ਇਲਾਵਾ ਰਾਗੀ ਹਰਬੰਸ ਸਿੰਘ ਘੁੱਲਾ, ਬਲਵੰਤ ਸਿੰਘ, ਮੋਹਣ ਸਿੰਘ, ਸ਼ੇਰ ਸਿੰਘ, ਹਰਪ੍ਰੀਤ ਸਿੰਘ ਆਦਿ।

ਅੰਤ ਵਿਚ ਅਰਦਾਸ ਕਰਦਾ ਹਾਂ ਸਤਿਗੁਰੂ ਜੀ ਜਥੇਦਾਰ ਦੀ ਜੀਵ ਆਤਮਾ ਨੂੰ ਚਰਨਾਂ ਵਿਚ ਨਿਵਾਸ ਦੇਣ ਤੇ ਪ੍ਰਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ਣ। ਅੰਤ ਵਿਚ ਇਹ ਸ਼ੇਅਰ ਕਹਿੰਦਿਆਂ :

ਮਰਨੇ ਵਾਲੇ ਐਸਾ ਮਰ ਔਰ ਜੀਣੇ ਵਾਲੇ ਐਸਾ ਜੀਅ
ਕਿ ਸਬਰ ਦੇ ਜਾਏ ਤੇਰੀ ਮੌਤ ਭੀ ਜ਼ਿੰਦਗੀ ਭੀ।

---

## ਬੀਬੀ ਹਰਬੰਸ ਕੌਰ ਨਮਿਤ ਪਾਠ

ਪਿਛਲੇ ਦਿਨੀਂ ਸੰਤ ਹਰਨਾਮ ਸਿੰਘ ਟੇਲਰ-ਮਾਸਟਰ ਮੰਡੀ (ਹਿਮਾਚਲ) ਵਾਲਿਆਂ ਦੀ ਧਰਮ ਪਤਨੀ ਬੀਬੀ ਹਰਬੰਸ ਕੌਰ ਅਕਾਲ-ਚਲਾਣਾ ਕਰ ਗਏ। ਉਹਨਾਂ ਦੀ ਜੀਵ-ਆਤਮਾ ਨਮਿਤ ਰੱਖੇ ਪਾਠ ਦਾ ਭੋਗ ਪਾਇਆ ਗਿਆ। ਭੋਗ ਸਮੇਂ ਅਦਾਰਾ 'ਵਰਿਆਮ' ਨੂੰ ੨੫੦/-ਰੁਪੈ ਸਹਾਇਤਾ ਸ੍ਰ. ਮਹਿੰਦਰ ਸਿੰਘ ਮੰਡੀ ਰਾਹੀਂ ਸ੍ਰੀ ਜੀਵਨ ਨਗਰ ਮੇਲੇ ਤੇ ਭੇਜੀ ਗਈ।

## ਨਾਮਧਾਰੀ ਸੰਗਤ ਹੈਦਰਾਬਾਦ

ਹੈਦਰਾਬਾਦ ਦੀ ਨਾਮਧਾਰੀ ਸਾਧ ਸੰਗਤ ਵਲੋਂ ਮਾਸਕ 'ਵਰਿਆਮ' ਵਾਸਤੇ ੨੫੦/-ਰੁਪਏ ਸ. ਹਰਦੇਵ ਸਿਘ ਜੀ ਰਾਹੀਂ ਭੇਜੇ ਗਏ। ਧੰਨਵਾਦ।

## ਸੰਤ ਕਰਤਾਰ ਸਿੰਘ ਜਲੰਧਰ ਨਮਿਤ ਭੋਗ

ਸੰਤ ਕਰਤਾਰ ਸਿੰਘ ਬਸਤੀ ਗੁਜ਼ਾਂ ਜਲੰਧਰ ਪਿਛਲੇ ਦਿਨੀਂ ਚੜ੍ਹਾਈ ਕਰ ਗਏ ਸਨ। ਉਹਨਾਂ ਨਮਿਤ ਪਾਠ ਦੇ ਭੋਗ ਸਮੇਂ ਉਹਨਾਂ ਦੇ ਸਪੁਤਰ ਸੰਤ ਬਲਦੇਵ ਸਿੰਘ ਵਲੋਂ ੧੦੦/-ਰੁਪਏ ਵਰਿਆਮ ਨੂੰ ਸਹਾਇਤਾ ਦਿਤੀ ਗਈ।

## ਲੈਫ. ਕਰਨਲ ਗੁਲਚਰਨ ਸਿੰਘ

ਮਾਡਲ ਟਾਊਨ ਜਲੰਧਰ ਵਲੋਂ ਇਕ ਸੌ ਰੁਪਏ ਵਰਿਆਮ ਲਈ ਭੇਜੇ ਗਏ।

# ਤਿੰਨ ਰੁਬਾਈਆਂ

—ਅਜੀਤ ਸਿੰਘ ਚੀਮਾ

[੧]

ਕਿਸ ਨੂੰ ਹਾਲ ਸੁਣਾਵਾਂ ਆਪਣਾ,
ਤੇ ਕੌਣ ਦਿਲਾਂ ਦੀਆਂ ਬੁੱਝੇ।
ਕਿਰ ਕਿਰ ਅੱਥਰੂ ਮੋਤੀਆਂ ਵਰਗੇ,
ਨੈਣ ਮੇਰੇ ਨੇ ਸੁੱਜੇ।
ਤੜਪ-ਤੜਪ ਮੇਰੀ ਤੜਪ ਨਾ ਬੁੱਝੀ,
ਮੈਂ ਰਹਾਂ ਵਿਆਕੁਲ ਹਰਦਮ।
"ਚੀਮਾ" ਨਹੀਂ ਇਲਾਜ ਉਨ੍ਹਾਂ ਦਾ,
ਜੋ ਰੋਗ ਦਿਲਾਂ ਨੂੰ ਗੁੱਝੇ।

[੨]

ਸੋਚ ਸੋਚ ਅਸੀਂ ਹੋ ਗਏ ਪਾਗਲ
ਅਸੀਂ ਹੋਰ ਸੋਚ ਨਹੀਂ ਸਕਦੇ।
ਹਿਜਰਾਂ ਦੇ ਅਸੀਂ ਨਾਲ ਜਮੂਰਾਂ
ਹੁਣ ਮਾਸ ਨੋਚ ਨਹੀਂ ਸਕਦੇ।
ਮਨ ਮੇਰਾ ਜੋ ਮਾਰ ਉਡਾਰੀ
ਜਾ ਅਸਮਾਨੀ ਚੜ੍ਹਿਆ।
ਉੱਡਦੇ ਮਨ ਨੂੰ ਬੁੱਕ ਕਰ 'ਚੀਮਾ'
ਅਸੀਂ ਹੱਥੀਂ ਬੋਚ ਨਹੀਂ ਸਕਦੇ।

[੩]

ਘੁਣ ਵਾਂਗੂੰ ਏ ਪੀੜ ਪੁਰਾਣੀ
ਦਿਲ ਨੂੰ ਖਾਈ ਜਾਵੇ।
ਮੂਰਖ ਮਨ ਨੂੰ ਸਮਝ ਨਾ ਆਵੇ
ਮੁੜ ਮੁੜ ਚੋਟਾਂ ਖਾਵੇ।
ਜਾਂ ਤਾਂ ਮੇਰਾ ਮਹਿਰਮ ਮਿਲ ਪਏ
ਦਰਦ ਦਿਲੇ ਦਾ ਮੁੱਕੇ।
ਜਾਂ 'ਚੀਮਾ' ਪ੍ਰਦੇਸ ਸਿਧਾਈਏ
ਜਾਂ ਲੈ ਲਏ ਮੌਤ ਕਲਾਵੇ।


Sri Satguru Jagjit Singh Ji eLibrary NamdhariElibrary@gmail.com

# ਈਗੋਰ ਸਰਬੇਰੀਆਕੋਵ ਨਾਲ ਮਿਲਣੀ

ਪੰਜਾਬੀ ਲੇਖਕ ਸਭਾ ਜਲੰਧਰ ਅਤੇ ਦੇਸ਼ ਭਗਤ ਯਾਦਗਾਰ ਕਮੇਟੀ ਦੇ ਸਭਿਆਚਾਰਕ ਵਿੰਗ ਦੇ ਸਾਂਝੇ ਉਦਮ ਨਾਲ ੨੬ ਫ਼ਰਵਰੀ ੧੯੯੮ ਨੂੰ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਖੇ ਪ੍ਰਸਿੱਧ ਰੂਸੀ ਵਿਦਵਾਨ ਈਗੋਰ ਸਰਬੇਰੀਆਕੋਵ ਨਾਲ ਇਕ ਮਿਲਣੀ ਦਾ ਪ੍ਰਬੰਧ ਕੀਤਾ ਗਿਆ। ਸ੍ਰੀ ਸਰਬੇਰੀਆਕੋਵ ਪੰਜਾਬੀ ਸੱਥ, ਲਾਂਬੜਾ ਵੱਲੋਂ ਦਿੱਤੇ ਸਨਮਾਨ ਦੇ ਸੰਬੰਧ ਵਿਚ ਜਲੰਧਰ ਆਏ ਹੋਏ ਸਨ। ਸ੍ਰੀ ਸਰਬੇਰੀਆਕੋਵ ਨੇ ਜਲੰਧਰ ਨਾਲ ਆਪਣੀਆਂ ਯਾਦਾਂ ਸਾਂਝੀਆਂ ਕਰਦਿਆਂ ਦੱਸਿਆ ਕਿ ਉਹ ੧੯੬੧ ਵਿਚ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਸੱਦੇ ਤੇ ਜਲੰਧਰ ਆਏ ਸਨ। ਉਨ੍ਹਾਂ ਇਸ ਗੱਲ ਤੇ ਖੁਸ਼ੀ ਅਤੇ ਮਾਣ ਮਹਿਸੂਸ ਕੀਤਾ ਕਿ ਉਹ ਉਸ ਦੇਸ਼ ਭਗਤ ਯਾਦਗਾਰ ਹਾਲ ਵਿਚ ਹਾਜ਼ਰ ਹਨ ਜਿਥੇ ਉਨ੍ਹਾਂ ਅਨੇਕਾਂ ਦੇਸ਼ ਭਗਤਾਂ ਦੀਆਂ ਤਸਵੀਰਾਂ ਲੱਗੀਆਂ ਹੋਈਆਂ ਹਨ, ਜਿਨ੍ਹਾਂ ਨੇ ਦੇਸ਼ ਦੀ ਅਜ਼ਾਦੀ ਅਤੇ ਮਨੁੱਖਤਾ ਦੀ ਬੰਦ ਖਲਾਸੀ ਵਾਸਤੇ ਜਾਨਾਂ ਵਾਰੀਆਂ ਸਨ। ਉਨ੍ਹਾਂ ਦੱਸਿਆ ਕਿ ਰੂਸ ਇਸ ਵੇਲੇ ਬੜੇ ਨਾਜ਼ਕ ਦੌਰ ਵਿਚੋਂ ਲੰਘ ਰਿਹਾ ਹੈ। ਬਹੁਤ ਸਾਰੀਆਂ ਮੁਸ਼ਕਲਾਂ ਅਤੇ ਮਸਲੇ ਦਰਪੇਸ਼ ਹਨ। ਕੇਵਲ ਕਾਮੇ ਹੀ ਹੜਤਾਲਾਂ ਨਹੀਂ ਕਰ ਰਹੇ ਸਗੋਂ ਡਾਕਟਰਾਂ, ਅਧਿਆਪਕਾਂ ਨੂੰ ਵੀ ਇਹ ਰਾਹ ਅਖਤਿਆਰ ਕਰਨਾ ਪੈ ਰਿਹਾ ਹੈ। ਕਈ ਖੋਜੀ ਅਤੇ ਵਿਦਵਾਨ ਬਾਹਰਲੇ ਮੁਲਕਾਂ ਨੂੰ ਭੱਜ ਰਹੇ ਹਨ। ਇਹ ਸਾਰਾ ਕੁਝ ਵੇਖ ਕੇ ਬੜੀ ਪਰੇਸ਼ਾਨੀ ਹੁੰਦੀ ਹੈ। ਇਹ ਤਬਦੀਲੀ ਦਾ ਦੌਰ ਹੈ ਜੋ ਛੇਤੀ ਹੀ ਖਤਮ ਹੋ ਜਾਵੇਗਾ। ਸਮਾਜਵਾਦ ਦੇ ਦੌਰ ਵਿਚ ਬੜੇ ਵੱਡੇ ਕੰਮ ਹੋਏ, ਅਮਲੀ ਤੌਰ ਤੇ ਬਹੁਤ ਪ੍ਰਾਪਤੀਆਂ ਹੋਈਆਂ—ਇਕ ਇਤਿਹਾਸ ਸਿਰਜਿਆ ਗਿਆ ਜੋ ਯਾਦ ਰੱਖਣ ਯੋਗ ਹੈ। ਉਨ੍ਹਾਂ ਦੱਸਿਆ ਕਿ ਉਨ੍ਹਾਂ ਨੇ ਇਕ ਤਾਜ਼ਾ ਖਰੜਾ ਪੰਜਾਬੀ ਸਾਹਿਤ ਬਾਰੇ ਲਿਖਿਆ ਹੈ ਜੋ ਛਪਾਉਣਾ ਚਾਹੁੰਦੇ ਹਨ ਤੇ ਛਪਣ ਤੇ ਇਹ ਪੁਸਤਕ ਪੰਜਾਬੀ ਸਾਹਿਤ ਸਬੰਧੀ ਖੋਜ ਵਿਚ ਇਕ ਨਰੋਆ ਵਾਧਾ ਕਰੇਗੀ। ਉਨ੍ਹਾਂ ਦਾ ਪਹਿਲਾ ਪੰਜਾਬੀ ਨਾਲ ਸਬੰਧਤ ਕਾਰਜ 'ਪੰਜਾਬੀ-ਰੂਸੀ ਡਿਕਸ਼ਨਰੀ, ਸੀ ਜੋ ਇਕ ਹਜ਼ਾਰ ਸਫ਼ਿਆਂ ਦੀ ਸੀ ਤੇ ੧੯੬੧ ਵਿਚ ਛਪੀ ਸੀ ਤੇ ਕਾਰਜ ੧੯੬੧ ਵਿਚ ਆਰੰਭਿਆ ਗਿਆ ਸੀ। ਉਨ੍ਹਾਂ ਨੇ ਇਸ ਗੱਲ ਦਾ ਵਿਸ਼ੇਸ਼ ਤੌਰ ਤੇ ਜ਼ਿਕਰ ਕੀਤਾ ਕਿ 'ਗ਼ਦਰ ਦੀ ਗੂੰਜ' ਦੀਆਂ ਜੋ ਜਿਲਦਾਂ ਉਨ੍ਹਾਂ ਨੂੰ ਪੇਸ਼ ਕੀਤੀਆਂ ਸਨ, ਉਨ੍ਹਾਂ ਨੇ ਆਪਣੀ ਪਹਿਲੀ ਪੁਸਤਕ ਵਿਚ ਉਸ ਦਾ ਜ਼ਿਕਰ ਕੀਤਾ ਸੀ। ਉਨ੍ਹਾਂ ਆਪਣੀ ਪੁਸਤਕ ਦੀ ਸੰਪਾਦਨਾ ਵਾਸਤੇ ਪ੍ਰੋ. ਪ੍ਰੀਤਮ ਸਿੰਘ ਦਾ ਵਿਸ਼ੇਸ਼ ਧੰਨਵਾਦ ਕੀਤਾ।

ਪ੍ਰਸ਼ਨ-ਉੱਤਰ ਦੌਰ ਵਿਚ ਸ੍ਰੀ ਨਿਰੰਜਣ ਸਿੰਘ ਸਾਥੀ ਦੇ ਸੁਆਲ ਦੇ ਜੁਆਬ ਵਿਚ ਉਨ੍ਹਾਂ ਦੱਸਿਆ ਕਿ ਮਦਾਮ ਨਤਾਸ਼ ਤਾਲਸਤਾਏ ਰਿਟਾਇਰ ਹੋਣ ਉਪਰੰਤ ਅੱਜ ਕਲ੍ਹ ਅਪਣੇ ਪੋਤੇ ਪੋਤੀਆਂ ਨਾਲ ਰਹਿ ਰਹੀ ਹੈ। ਅਨੁਵਾਦ ਦਾ ਕੰਮ ਅਜੇ ਵੀ ਕਰਦੀ ਹੈ। ਲੈਨਿਨਗਰਾਡ ਦੇ ਰਸਾਲਿਆਂ ਵਿਚ ਅਜੇ ਵੀ ਕਦੇ ਕਦੇ ਉਸ ਦੀਆਂ ਲਿਖਤਾਂ ਛਪਦੀਆਂ ਹਨ ਤੇ ਪੰਜਾਬੀ ਸਾਹਿਤ ਵਿਚ ਅਜੇ ਵੀ ਉਸ ਦੀ ਦਿਲਚਸਪੀ ਹੈ। ਉਹ ਤਾਂ ਉਸ ਨੂੰ ਨਾਲ ਲਿਆਉਣਾ ਚਾਹੁੰਦੇ ਸਨ ਪਰ ਵਡੇਰੀ ਉਮਰ ਕਰਕੇ ਇਹ ਆਉਣੋਂ ਝਿਜਕਦੀ ਸੀ।

ਮਾਸਕੋ ਯੂਨੀਵਰਸਿਟੀ ਵਿਚ ਕੁਝ ਵਿਦਿਆਰਥੀ ਪੰਜਾਬੀ ਸਾਹਿਤ ਨੂੰ ਰੂਸੀ ਵਿਚ ਅਨੁਵਾਦ ਕਰ ਰਹੇ ਹਨ। ਉਨ੍ਹਾਂ ਨੇ ਇਸ ਸਬੰਧੀ ਮਦਾਮ ਅਖਲੋਵਾ ਅਤੇ ਮਦਾਮ ਅਲੈਜ਼ਨਾਕੋਵਾ ਦੇ ਕਾਰਜ ਦਾ ਉਲੇਖ ਵੀ ਕੀਤਾ। ਸ੍ਰੀ ਬ੍ਰਹਮਦੱਤ ਦੇ ਸੁਆਲ ਕਿ ਗੋਰਕੀ, ਪੁਸ਼ਕਨ, ਤਾਲਸਤਾਏ ਵਰਗੇ ਲੇਖਕਾਂ ਨੂੰ ਕਿਵੇਂ ਲਿਆ ਜਾਂਦਾ ਹੈ? ਦੇ ਜੁਆਬ ਵਿਚ ਉਨ੍ਹਾਂ ਕਿਹਾ ਕਿ ਪੁਸ਼ਕਨ ਤੋਂ ਲੈ ਕੇ ਤਾਲਸਤਾਏ ਤੱਕ ਮਹਾਨ ਲੇਖਕਾਂ ਦਾ ਸਤਿਕਾਰ ਪਹਿਲਾਂ ਵਾਂਗ ਹੀ ਹੈ। ਨਜ਼ਾਮ ਭਾਵੇਂ ਕੋਈ ਵੀ ਹੋਵੇ ਇਨ੍ਹਾਂ ਕਲਾਸੀਕਲ ਲਿਖਤਾਂ ਨੂੰ ਲੋਕਾਂ ਦੇ ਮਨਾਂ ਵਿਚੋਂ ਕਦੇ ਵੀ ਨਹੀਂ ਕੱਢਿਆ ਜਾ ਸਕਦਾ।

ਸ੍ਰੀ ਚੈਨ ਸਿੰਘ ਚੈਨ ਦੇ ਸੁਆਲ : "ਪੰਜਾਬੀ ਕਿਉਂ ਨਹੀਂ ਬੋਲ ਸਕਦੇ?" ਦੇ ਜੁਆਬ ਵਿਚ ਉਨ੍ਹਾਂ ਕਿਹਾ ਕਿ ਉਹ ਅੰਗਰੇਜ਼ੀ ਨੂੰ ਵੀ ਪੰਜਾਬੀ ਦੀ ਸੇਵਾ ਵਿਚ ਲਾ ਰਹੇ ਨੇ। ਪ੍ਰੋ: ਵਰਿਆਮ ਸਿੰਘ ਸੰਧੂ ਨੇ ਪੁੱਛਿਆ ਕਿ ਪੰਜਾਬੀ ਦੇ ਜੋ ਲੇਖਕ ਰੂਸੀ ਵਿਚ ਅਨੁਵਾਦ ਹੋਏ ਨੇ ਖਾਸ ਕਰਕੇ ਕੁਲਵੰਤ ਸਿੰਘ ਵਿਰਕ ਵਰਗੇ ਕਹਾਣੀ ਲੇਖਕ, ਉਨ੍ਹਾਂ ਨੂੰ ਦਰਜਾਬੰਦੀ ਦੇ ਤੌਰ ਤੇ ਖਾਸ ਕਰਕੇ ਰੂਸੀ ਕਹਾਣੀ ਲੇਖਕਾਂ ਦੇ ਟਾਕਰੇ ਕਿਥੇ ਰੱਖਿਆ ਜਾਂਦਾ ਹੈ? ਦੇ ਜੁਆਬ ਵਿਚ ਉਨ੍ਹਾਂ ਕਿਹਾ ਕਿ ਲੇਖਕਾਂ ਦੀ ਕੋਈ ਦਰਜਾਬੰਦੀ ਨਹੀਂ ਹੋ ਸਕਦੀ ਕਿਉਂਕਿ



Sri Satguru Jagjit Singh Ji eLibrary NamdhariElibrary@gmail.com

ਹਰ ਲੇਖਕ ਦਾ ਆਪਣਾ ਵਿਜ਼ਨ ਅਤੇ ਟੇਲੈਂਟ ਹੁੰਦਾ ਹੈ। ਰੂਸ ਵਿਚ ਕਮਿਊਨਿਸਟ ਪਾਰਟੀ ਦੀ ਸਥਿਤੀ ਬਾਰੇ ਸੰਧੂ ਹੁਰਾਂ ਦੇ ਸੁਆਲ ਦੇ ਜੁਆਬ ਵਿਚ ਉਨ੍ਹਾਂ ਦੱਸਿਆ ਕਿ ਇਸ ਵੇਲੇ ਵੀ ਮੈਂਬਰਸ਼ਿਪ ਸਾਢੇ ਪੰਜ ਲੱਖ ਹੈ। ਪਾਰਟੀ ਤੇ ਬੜੀ ਨੁਕਤਾਚੀਨੀ ਹੋ ਰਹੀ ਹੈ। ਕੁਝ ਗਲਤੀਆਂ ਹੋਈਆਂ ਹਨ ਜਿਨ੍ਹਾਂ ਤੋਂ ਬਚਣ ਦੀ ਲੋੜ ਸੀ, ਪਰ ਪਾਰਟੀ ਖਤਮ ਜਾਂ ਅਲੋਪ ਨਹੀਂ ਹੋਈ। ਕੁਝ ਨੁਕਤਾਚੀਨੀ ਮਹਿਜ਼ ਨੁਕਤਾਚੀਨੀ ਖਾਤਰ ਵੀ ਹੋ ਰਹੀ ਹੈ। ਉਨ੍ਹਾਂ ਨੇ ਇਸ ਸਬੰਧੀ ਇਕ ਉਦਾਹਰਣ ਵੀ ਦਿਤੀ ਕਿ ਨੌਜੁਆਨ ਮਾਰਕਸ ਨੇ ਲਿਖਿਆ "Religion is cry of suppressed man kind' ਭਾਵ ਧਰਮ ਦੁਖੀ ਮਨੁੱਖਤਾ ਦੀ ਪੁਕਾਰ ਹੈ ਤੇ ਉਸ ਨੇ ਅੱਗੇ ਚਲਕੇ ਧਰਮ ਨੂੰ ਅਫ਼ੀਮ ਕਿਹਾ ਸੀ। ਲੋਕਾਂ ਨੇ ਪਹਿਲੀ ਗੱਲ ਦਾ ਕਦੇ ਜ਼ਿਕਰ ਨਹੀਂ ਕੀਤਾ ਤੇ ਅਗਲੀ ਨੂੰ ਉਛਾਲਦੇ ਰਹੇ ਨੇ।

ਸ. ਕੁਲਦੀਪ ਸਿੰਘ ਵੜਾਲਾ ਦੇ ਕੋਆਪ੍ਰੇਟਿਵ ਫ਼ਾਰਮਿੰਗ ਸਬੰਧੀ ਸੁਆਲ ਦੇ ਜੁਆਬ ਵਿਚ ਉਨ੍ਹਾਂ ਕਿਹਾ ਕਿ ਸਮਾਜਵਾਦੀ ਪ੍ਰਬੰਧ ਢਹਿ ਜਾਣ ਪਿਛੋਂ ਨਿਜੀ ਫਾਰਮਿੰਗ ਦੇ ਖੁਲ੍ਹ ਦੇ ਬਾਵਜੂਦ ਵੀ ਬੇਲੋ ਰੂਸ ਵਿਚ ਕੋਆਪ੍ਰੇਟਿਵ ਫਾਰਮਿੰਗ ਲੋਕਾਂ ਦੀ ਆਪਣੀ ਮਰਜ਼ੀ ਨਾਲ ਚਲ ਰਹੀ ਹੈ।

ਪ੍ਰੋ. ਜਗੀਰ ਕਾਹਲੋਂ ਦੇ ਸਿੱਖ ਧਰਮ ਦਾ ਨਿਚੋੜ ਪੁਛਣ ਤੇ ਉਨ੍ਹਾਂ ਪੰਜਾਬੀ ਵਿਚ ਜੁਆਬ ਦਿਤਾ: "ਕੰਮ ਕਰਨਾ, ਵੰਡ ਛਕਣਾ ਤੇ ਨਾਮ ਜਪਣਾ।

ਉਹ ਸਭ ਸੁਆਲਾਂ ਦੇ ਜੁਆਬ ਦੇਣ ਦਾ ਯਤਨ ਕਰ ਰਹੇ ਸਨ, ਪਰ ਸ਼ਾਇਦ ਢੱਠੇ ਹੋਏ ਰੂਸੀ ਸਮਾਜਵਾਦੀ ਪ੍ਰਬੰਧ ਕਾਰਨ ਉਨ੍ਹਾਂ ਦੀ ਸਥਿਤੀ ਲਾਚਾਰੀ ਵਾਲੀ ਵੀ ਲਗ ਰਹੀ ਸੀ। ਜਿਵੇਂ ਤਕੜੇ ਪਹਿਲਵਾਨ ਨੂੰ ਕਿਤੇ ਪਿੱਠ ਲੱਗਣ ਦੀ ਨਮੋਸ਼ੀ ਹੁੰਦੀ ਹੈ ਉਂਜ ਨਿਜੀ ਤੌਰ ਤੇ ੮੦ ਸਾਲਾਂ ਦੀ ਉਮਰ ਵਿਚ ਵੀ ਏਨਾ ਸਤਰਕ ਹੋਣਾ ਬਹਾਦਰੀ ਹੀ ਹੈ।

ਇਸ ਮੌਕੇ ਪੰਜਾਬ ਵਿਧਾਨ ਸਭਾ ਦੇ ਸਾਬਕਾ ਸਪੀਕਰ ਸ੍ਰੀ ਸੁਰਜੀਤ ਸਿੰਘ ਮਿਨਹਾਸ, 'ਨਵਾਂ ਜ਼ਮਾਨਾ' ਦੇ ਸੰਪਾਦਕ ਕਾਮਰੇਡ ਜਗਜੀਤ ਸਿੰਘ ਆਨੰਦ, ਦੇਸ਼ ਭਗਤ ਯਾਦਗਾਰ ਕਮੇਟੀ ਦੇ ਕਾਮਰੇਡ ਗੰਧਰਵ ਸੈਨ ਨੇ ਵਿਚਾਰ ਪ੍ਰਗਟ ਕੀਤੇ ਅਤੇ ਪੰਜਾਬੀ ਲੇਖਕ ਸਭਾ ਜਲੰਧਰ ਦੇ ਪ੍ਰਧਾਨ ਸ੍ਰੀ ਜਗਦੀਸ਼ ਸਿਘ ਵਰਿਆਮ ਨੇ ਆਏ ਲੇਖਕਾਂ, ਵਿਦਵਾਨਾਂ ਦਾ ਧੰਨਵਾਦ ਕੀਤਾ।

ਸਰਵ ਸ੍ਰੀ ਸੁਰਜੀਤ ਸਿੰਘ ਮਿਨਹਾਸ, ਗੰਧਰਵ ਸੈਨ, ਜਗਜੀਤ ਸਿੰਘ ਆਨੰਦ ਤੇ ਜਗਦੀਸ਼ ਸਿੰਘ ਵਰਿਆਮ ਦੀ ਪ੍ਰਧਾਨਗੀ ਹੇਠ ਹੋਏ ਇਸ ਯਾਦਗਾਰੀ ਸਮਾਗਮ ਦੀ ਮੰਚ ਸੰਚਾਲਨ ਅਤੇ ਅਨੁਵਾਦਕ ਦੀ ਭੂਮਿਕਾ ਪ੍ਰੋ. ਪਿਆਰਾ ਸਿੰਘ ਭੋਗਲ ਨੇ ਬਾਖੂਬੀ ਨਿਭਾਈ ਤੇ ਜਿਸ ਦੀ ਸੋਭਾ ਸਰਵ ਸ੍ਰੀ ਵਰਿਆਮ ਸਿੰਘ ਸੰਧੂ, ਸੁਰਜੀਤ ਜੱਜ, ਪ੍ਰੋ. ਜਸਪਾਲ ਸਿੰਘ (ਨਕੋਦਰ), ਲਖਵਿੰਦਰ ਜੌਹਲ, ਓਮਿੰਦਰ ਜੌਹਲ, ਗੁਰਬਖਸ਼ ਸਿੰਘ ਬੰਨੋਆਣਾ, ਚੈਨ ਸਿੰਘ ਚੈਨ, ਗੁਰਮੀਤ ਸਿੰਘ ਢੱਡਾ, ਸ਼ਾਇਰ ਸਫ਼ਰੀ, ਸਤਨਾਮ ਚਾਨਾ, ਕੁਲਦੀਪ ਸਿੰਘ ਵੜਾਲਾ, ਤਿਲਕ ਰਾਜ ਸੂਰੀ, ਪ੍ਰੋ. ਵੀ. ਬੀ. ਰਾਏ, ਦੇਸ ਰਾਜ ਕਾਲੀ, ਨਿਰੰਜਨ ਸਿੰਘ ਸਾਥੀ, ਸੰਪੂਰਨ ਸਿਘ ਖਾਂਬਰਾ, ਭਗਵੰਤ ਰਸੂਲਪੁਰੀ, ਡਾ. ਦਵਿੰਦਰ ਬਿਮਰਾ, ਕ੍ਰਿਸ਼ਨ ਭਾਰਦੁਆਜ, ਉਰਮਿਲਾ ਆਨੰਦ, ਡਾ. ਹਰਜੀਤ ਸਿੰਘ, ਗੁਰਬਚਨ, ਲਲਿਤ ਕੁਮਾਰ, ਡਾ. ਨਿਰਮਲ ਸਿੰਘ (ਲਾਂਬੜਾ), ਡਾ. ਰਾਮ ਸਿੰਘ ਢੇਸੀ (ਇੰਗਲੈਂਡ), ਬਹਾਦਰ ਸਿੰਘ ਸੰਧੂ, ਰਾਜਿੰਦਰ ਬਿਮਲ, ਪ੍ਰੋ. ਕੁਲਬੀਰ ਸਿੰਘ, ਡਾ. ਕੀਰਤੀ ਕੇਸਰ, ਬਿੰਦਰ ਬਸਰਾ, ਬੀਬੀ ਸੁਰਿੰਦਰ ਅਤੇ ਫਕੀਰ ਚੰਦ ਤੁਲੀ ਵਰਗੇ ਲੇਖਕਾਂ ਅਤੇ ਵਿਦਵਾਨਾਂ ਨੇ ਵਧਾਈ। ਮੇਜ਼ਬਾਨਾਂ ਵਲੋਂ ਚਾਹ-ਪਾਣੀ ਦੀ ਸੇਵਾ ਵੀ ਕੀਤੀ ਗਈ।

(ਪ੍ਰੋ. ਜਗੀਰ ਕਾਹਲੋਂ)

## ਜਲੰਧਰ ਵਿਚ ਬਸੰਤ ਪੁਰਬ

ਜਲੰਧਰ ਵਿਚ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਅਵਤਾਰ ਦਿਵਸ ੧੯ ਫਰਵਰੀ ੧੯੯੮ ਨੂੰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਹਜ਼ੂਰੀ ਵਿਚ ਨਾਮਧਾਰੀ ਧਰਮਸਾਲਾ ਸੈਂਟਰਲ ਟਾਊਨ ਵਿਚ ਸਮੂਹ ਇਲਾਕਾ ਨਿਵਾਸੀ ਸੰਗਤ ਵਲੋਂ ਮਨਾਇਆ ਗਿਆ। ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਕੀਰਤਨ ਸੰਤ ਬਲਬੀਰ ਸਿੰਘ-ਸੰਤ ਚੰਨਣ ਸਿੰਘ ਹੋਰਾਂ ਸਥਾਨਕ ਜਥੇ ਸਹਿਤ ਕੀਤਾ। ਬਸੰਤ ਦੀ ਵਾਰ ਦੇ ਗਾਇਣ ਬਾਦ ਸਤਿਗੁਰੂ ਜੀ ਦੇ ਦਰਸ਼ਨਾਂ ਨਮਿਤ ਪਾਠਾਂ ਦੇ ਭੋਗ ਪਾਏ ਗਏ। ਇਸ ਦੇ ਨਾਲ ਹੀ ਦੀਵਾਨਾਂ ਦਾ ਸਿਲਸਲਾ ਆਰੰਭ ਹੋ ਗਿਆ। ਸੰਤ ਜੁਗਿੰਦਰ ਸਿੰਘ, ਜਥੇਦਾਰ ਅਜੀਤ ਸਿੰਘ, ਜਥੇਦਾਰ ਹਜ਼ਾਰਾ ਸਿੰਘ, ਜ; ਅਵਤਾਰ ਸਿੰਘ, ਸ੍ਰੀ ਭੈਣੀ ਸਾਹਿਬ ਤੋਂ ਆਏ ਕਵੀਸ਼ਰੀ ਜਥੇ ਦੇ ਦੀਵਾਨਾਂ ਦੇ ਉਪਰੰਤ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਗਿਆਨ ਮਾਰਤੰਡ ਪੰਡਿਤ ਗੋਪਾਲ ਸਿੰਘ ਜੀ ਦਾ ਹੱਲੇ ਦਾ ਦੀਵਾਨ ਸਜਿਆ। ਸਤਿਗੁਰੂ ਰਾਮ ਸਿੰਘ ਜੀ ਦੇ ਇਤਿਹਾਸ ਦੇ ਵਖ



Sri Satguru Jagjit Singh Ji eLibrary NamdhariElibrary@gmail.com

ਵਖ ਪਹਿਲੂ ਜਥੇਦਾਰ ਸਾਹਿਬਾਨ ਨੇ ਸੰਗਤਾਂ ਦੇ ਸਨਮੁਖ ਰੱਖੇ। ਪੰਡਿਤ ਜੀ ਬਾਦ ਹਜ਼ੂਰੀ ਰਾਗੀ ਜੱਥਾ ਸੰਤ ਹਰਬੰਸ ਸਿੰਘ ਘੁੱਲਾ, ਸੰਤ ਸ਼ੇਰ ਸਿੰਘ, ਸੰਤ ਮੋਹਨ ਸਿੰਘ, ਸੁਖਦੇਵ ਸਿੰਘ ਦਾ ਸੰਗੀਤਮਈ ਕੀਰਤਨ ਹੋਇਆ। ਇਸ ਬਾਦ ਇਕ ਘੰਟਾ ਨਾਮ ਸਿਮਰਨ ਹੋਇਆ। ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਉਪਦੇਸ਼ ਦਾ ਰਿਕਾਰਡ ਸੁਣਾਇਆ ਗਿਆ। ਉਪਰੰਤ ਜਗਦੀਸ਼ ਸਿੰਘ ਸੰਪਾਦਕ 'ਵਰਿਆਮ' ਨੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਪ੍ਰਤਿ ਸੁਆਗਤੀ ਸ਼ਬਦ ਕਹੇ। ਅੰਤ ਉਤੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਆਪਣੇ ਪਾਵਨ ਉਪਦੇਸ਼ ਵਿਚ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਮਹਾਨ ਜੀਵਨ ਚਰਿਤਰ ਅਤੇ ਸਿਖਿਆ ਦਾ ਉਲੇਖ ਕੀਤਾ। ਆਪ ਨੇ ਮਾੜੀਆਂ ਗੱਲਾਂ ਤਿਆਗਣ ਅਤੇ ਚੰਗੀਆਂ ਗੱਲਾਂ ਗ੍ਰਹਿਣ ਕਰਨ ਤੇ ਜ਼ੋਰ ਦਿੰਦਿਆਂ ਨਾਮ ਸਿਮਰਨ ਅਤੇ ਗੁਰਬਾਣੀ ਪਾਠਾਂ ਦਾ ਮਹੱਤਵ ਦਸਦਿਆਂ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨਾਂ ਨਮਿਤ ਸਵਾ ਲੱਖਾਂ ਪਾਠਾਂ ਨੂੰ ਸੰਪੂਰਨ ਕਰਨ ਦਾ ਆਗ੍ਰਹਿ ਕੀਤਾ। ਸੂਬਾ ਜੁਗਿੰਦਰ ਸਿੰਘ, ਪ੍ਰਧਾਨ ਸੁਰਜੀਤ ਸਿੰਘ ਜੀ, ਪਹਿਲੇ ਪ੍ਰਧਾਨ ਸੰਤ ਦਰਸ਼ਨ ਸਿੰਘ ਆਦਿ ਨੇ ਸੰਗਤ ਵਲੋਂ ਭੇਟਾ ਧਰ ਸਤਿਗੁਰੂ ਜੀ ਦਾ ਧੰਨਵਾਦ ਕੀਤਾ।

—ਪੱਤਰ ਪ੍ਰੇਰਕ

## ਜੰਮੂ ਵਿਚ ਸਤਿਗੁਰੂ ਰਾਮ ਸਿੰਘ ਜੀ ਦਾ ਗੁਰਪੁਰਬ

ਜੰਮੂ ਦੀ ਨਾਮਧਾਰੀ ਸੰਗਤ ਵਲੋਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਅਵਤਾਰ ਦਿਵਸ ਸ਼ਰਧਾ ਅਤੇ ਧੂਮਧਾਮ ਨਾਲ ਐਤਵਾਰ ਮਿਤੀ ੧੫ ਫਰਵਰੀ ੧੯੯੮ ਨੂੰ ਮਨਾਇਆ ਗਿਆ। ਨਾਮਧਾਰੀ ਗੁਰਦੁਆਰਾ ਵਿਚ ਅੰਮ੍ਰਿਤ ਵੇਲੇ ਦੀਵਾਨ ਦਾ ਆਰੰਭ ਹੋਇਆ। ਆਸਾ ਦੀ ਵਾਰ ਦਾ ਕੀਰਤਨ ਸੰਤ ਚਰਨ ਸਿੰਘ, ਜਗਦੀਸ਼ ਸਿੰਘ, ਗੁਰਦੇਵ ਸਿੰਘ ਹੋਰਾਂ ਸਥਾਨਕ ਜਥੇ ਨਾਲ ਕੀਤਾ। ਨਾਮਧਾਰੀ ਪੰਥ ਦੇ ਪਰਸਿਧ ਜਥੇਦਾਰ ਸੰਤ ਗਿਆਨ ਸਿੰਘ ਵੀਰੋਕੇ ਹੋਰਾਂ ਵੀ ਵਾਰ ਦੇ ਕੀਰਤਨ ਵਿਚ ਸ਼ਬਦ ਗਾਇਣ ਕਰਕੇ ਵਾਤਾਵਰਨ ਨੂੰ ਹੋਰ ਸੰਗੀਤਮਈ ਕੀਤਾ। ਜਥੇਦਾਰ ਅਜੈਬ ਸਿੰਘ ਹੋਰਾਂ ਰਾਗ ਬਸੰਤ ਦੇ ਸ਼ਬਦਾਂ ਦਾ ਰਸਮਈ ਗਾਇਣ ਕੀਤਾ। ਉਪਰੰਤ ਪਾਠਾਂ ਦੇ ਭੋਗ ਪਾਏ ਗਏ।

ਜਲ-ਪਾਣ ਉਪਰੰਤ ਜਥੇਦਾਰ ਅਜੈਬ ਸਿੰਘ ਹੋਰਾਂ ਜਥੇਦਾਰ ਗਿਆਨ ਸਿੰਘ ਵੀਰੋਕੇ ਵਾਲਿਆਂ ਨਾਲ ਦੀਵਾਨ ਸਜਾ ਕੇ ਸਤਿਗੁਰੂ ਰਾਮ ਸਿੰਘ ਜੀ ਦੇ ਇਤਿਹਾਸ ਨੂੰ ਲੜੀਵਾਰ ਸੁਣਾਇਆ। ਸੰਤ ਅਜੈਬ ਸਿੰਘ ਹੋਰਾਂ ਨੇ ਗੁਰਬਾਣੀ ਦੇ ਸ਼ਬਦਾਂ ਦੇ ਨਾਲ ਕਾਵਿਕ ਛੰਦਾਂ ਅਤੇ ਗੀਤਾਂ ਨਾਲ ਵੀ ਆਪਣੇ ਵਿਆਖਿਆਨ ਨੂੰ ਸ਼ਿੰਗਾਰ ਕੇ ਸੰਗਤਾਂ ਨੂੰ ਮੰਤਰ ਮੁਗਧ ਕੀਤਾ। ਸੰਤ ਗਿਆਨ ਸਿੰਘ ਜੀ ਨੇ ਭਰਵੇਂ ਹੱਲੇ ਦੇ ਦੀਵਾਨ ਨਾਲ ਨਾਮਧਾਰੀਆਂ ਦੇ ਰਵਾਇਤੀ ਦੀਵਾਨ ਦਾ ਪਰਭਾਵ ਮੁੜ ਸਿਰਜ ਦਿਤਾ।

ਬਾਦ ਦੁਪਹਿਰ ਲੰਗਰ ਉਪਰੰਤ ਬੀਬੀਆਂ ਦਾ ਵਖਰਾ ਦੀਵਾਨ ਵੀ ਲਗਾ ਅਤੇ ਬੱਚਿਆਂ ਦਾ ਵਿਸ਼ੇਸ਼ ਪ੍ਰੋਗਰਾਮ ਵੀ ਹੋਇਆ ਜਿਸ ਵਿਚ ਕਵਿਤਾ ਗੀਤਾਂ ਭਾਸ਼ਨਾਂ ਦੇ ਮੁਕਾਬਲੇ ਵੀ ਹੋਏ। ਪ੍ਰੋਗਰਾਮ ਬਹੁਤ ਰੋਚਕ ਅਤੇ ਰੌਣਕਾਂ ਭਰਪੂਰ ਸੀ। ਨਾਮਧਾਰੀ ਅਤੇ ਹੋਰ ਬੱਚਿਆਂ ਨੇ ਇਸ ਵਿਚ ਭਾਰੀ ਉਤਸ਼ਾਹ ਨਾਲ ਭਾਗ ਲਿਆ। ਬੱਚਿਆਂ ਨੂੰ ਇਨਾਮਾਂ ਦੀ ਵੰਡ ਸ. ਜਗਦੀਸ਼ ਸਿੰਘ ਸੰਪਾਦਕ 'ਵਰਿਆਮ' ਹੋਰਾਂ ਦੇ ਹਥੀਂ ਕੀਤੀ ਗਈ। ਵਖਿਆਨਾਂ ਦੀ ਲੜੀ ਵਿਚ ਸੂਬਾ ਹਰਬੰਸ ਸਿੰਘ ਦੋਸ਼ੀ, ਸ. ਅਮਰ ਸਿੰਘ ਕੂਕਾ ਅਤੇ ਜਗਦੀਸ਼ ਸਿੰਘ 'ਵਰਿਆਮ' ਨੇ ਆਪਣੇ ਵਿਚਾਰ ਪੇਸ਼ ਕਰਦਿਆਂ ਸਤਿਗੁਰੂ ਰਾਮ ਸਿੰਘ ਜੀ ਵਲੋਂ ਸਤਿਜੁਗੀ ਰਾਜ ਸਥਾਪਤ ਕਰਨ, ਗੁਲਾਮੀ ਵਿਰੁਧ ਸੰਘਰਸ਼ ਕਰਨ, ਇਸਤਰੀ ਜਾਤੀ ਦੇ ਉਥਾਨ ਕੁਰੀਤੀਆਂ ਵਿਰੁਧ ਕੀਤੀ ਜੰਗ ਦਾ ਵਿਸਥਾਰ ਪੂਰਬਕ ਜਤਨ ਕੀਤਾ ਅਤੇ ਸਤਿਗੁਰੂ ਜੀ ਦੇ ਉਪਦੇਸ਼ ਅਤੇ ਜੀਵਨ ਘਾਲਣਾ ਨੂੰ ਪਰਚਾਰਨ ਦੇ ਉਪਰਾਲੇ ਕਰਨ ਤੇ ਜ਼ੋਰ ਦਿਤਾ। ਰਾਤ ਨੂੰ ਜਥੇਦਾਰ ਗਿਆਨ ਸਿੰਘ-ਅਜੈਬ ਸਿੰਘ ਹੋਰਾਂ ਦੇ ਦੀਵਾਨ ਨਾਲ ਇਹ ਸਾਰੇ ਦਿਨ ਦਾ ਕਾਰਜ ਕਰਮ ਅਪਣੀ ਸਿਖਰ ਤੇ ਸਮਾਪਤ ਹੋਇਆ। ਸਮਾਪਤੀ ਉਪਰੰਤ ਮੁੜ ਲੰਗਰ ਹੋਇਆ ਅਤੇ ਸਾਧ ਸੰਗਤ ਨੂੰ ਦੁਰਾਡੇ ਇਲਾਕਿਆਂ ਵਿਚ ਘਰੋ ਘਰੀ ਪਹੁੰਚਾਇਆ ਗਿਆ।

ਪ੍ਰੋਗਰਾਮ ਦਾ ਸੰਚਾਲਨ ਡਾਕਟਰ ਤਰਨ ਸਿੰਘ ਹੋਰਾਂ ਕੀਤਾ। ਜੰਮੂ ਦੀ ਸੰਗਤ ਦੇ ਪ੍ਰਧਾਨ ਸੰਤ ਕਰਤਾਰ ਸਿੰਘ ਜੀ ਅਤੇ ਸੂਬਾ ਸੁਖਦੇਵ ਸਿੰਘ ਜੀ ਨੇ ਸਾਰੀ ਸੰਗਤ ਦੇ ਸਹਿਯੋਗ ਨਾਲ ਬਹੁਤ ਸੋਹਣੇ ਢੰਗ ਅਤੇ ਉਤਸ਼ਾਹ ਸਹਿਤ ਸਾਰੇ ਸਮਾਗਮ ਦਾ ਪਰਬੰਧ ਕੀਤਾ। ਸਮੁਚੀ ਸੰਗਤ ਹੀ ਪੂਰਨ ਸ਼ਰਧਾ ਨਾਲ ਸੇਵਾ ਅਤੇ ਦੀਵਾਨ ਦੇ ਪ੍ਰੋਗਰਾਮਾਂ ਵਿਚ ਸ਼ਾਮਲ ਰਹੀ।



Sri Satguru Jagjit Singh Ji eLibrary NamdhariElibrary@gmail.com

ਹਰ ਤਰ੍ਹਾਂ ਦੇ ਸੰਗੀਤ ਦੇ ਸਾਜ਼ਾਂ ਵਾਸਤੇ
ਸਿਤਾਰ ਅਤੇ ਤਾਨਪੁਰਾ ਦੇ ਮਾਹਰ



## ਗੁਰਦਿਆਲ ਸਿੰਘ ਐਂਡ ਸਨਜ਼

ਫਗਵਾੜਾ ਗੇਟ, ਜਲੰਧਰ ਫੋਨ 59869

ਬਾਜ਼ਾਰ ਨਾਲੋਂ ਸਸਤੀ ਅਤੇ ਵਧੀਆ ਕਿਸਮ ਦੀ
ਹਰ ਕਿਸਮ ਦੀ ਲੱਕੜ
ਆਸਾਮ ਸਾਗਵਾਨ, ਚਾਂਪ, ਦਿਓਦਾਰ, ਕੈਲ,
ਪੜਤਲ, ਚੀਲ੍ਹ ਆਦਿ ਵੇਚਣ ਵਾਲੇ

## ਦਲੀਪ ਸਿੰਘ ਪੂਰਨ ਸਿੰਘ ਸੱਗੂ

(ਟਿੰਬਰ ਮਰਚੈਂਟਸ)

**Dalip Singh Puran Singh Saggu**
[TIMBER MERCHANTS]

ਪੁਰਾਣੀ ਰੇਲਵੇ ਰੋਡ, ਜਲੰਧਰ ਸ਼ਹਿਰ

Phone : 58795, 59056
Mobile Phone 9814060489 Pager 96124089

ਫੈਂਸੀ ਬਿਲਡਿੰਗ ਮੈਟੀਰੀਅਲ, ਤਾਲੇ ਅਤੇ ਹੋਰ
ਹਾਰਡਵੇਅਰ ਦੇ ਸਮਾਨ ਵਾਸਤੇ ਯਾਦ ਰਖੋ
ਦਰਵਾਜ਼ੇ, ਖਿੜਕੀਆਂ, ਰੌਸ਼ਨਦਾਨ ਅਤੇ ਲਕੜੀ ਦਾ
ਵਧੀਆ ਇਮਾਰਤੀ ਸਮਾਨ ਤਿਆਰ ਕਰਨ ਵਾਲੇ

## ਹਰਭਜਨ ਵੁੱਡ ਵਰਕਸ

ਅਕਹਿਰੀ ਪੁਲੀ, ਜਲੰਧਰ-੧੪੪੦੦੪.
ਫੋਨ 238784

ਹਰ ਪ੍ਰਕਾਰ ਦੀਆਂ ਚੁਗਾਠਾਂ, ਜੋੜੀ ਪੱਲੇ ਅਤੇ ਹੋਰ
ਲੱਕੜੀ ਦੇ ਤਸੱਲੀਬਖ਼ਸ਼ ਕੰਮ ਵਾਸਤੇ
ਦਰਸ਼ਨ ਦਿਓ

## ਬਚਨ ਸਿੰਘ ਐਂਡ ਸਨਜ਼

ਨਿਊ ਟਿੰਬਰ ਮਾਰਕੀਟ,
ਅਕਹਿਰੀ ਪੁਲੀ, ਜਲੰਧਰ ਸ਼ਹਿਰ
ਫੋਨ ਨੰ: 232990

## JANTA
## HYDRAULIC PRESSES



**JANTA ENGG. WORKS**
P.O. MOHAN NAGAR
RAJENDRA NAGAR
INDUSTRIAL AREA,
GHAZIABAD-210 007 (U.P.)
PHONE: OFF: 8-63455
RESI: 5412951
8-64574

MFRS. OF:
HYDRAULIC PRESSES FOR THE USE OF
- RUBBER MOULDING
- CONVEYOR & TRANSMISSION BELTING
- PLYWOOD HOT PRESSES
- DEEP DRAWING
- CLUTCH FACING & BRAKE LINING

ਹਰ ਕਿਸਮ ਦੀ ਲੱਕੜ ਖਰੀਦਣ ਵਾਸਤੇ ਅਤੇ ਚੌਗਾਠਾਂ,
ਦਰਵਾਜ਼ੇ, ਖਿੜਕੀਆਂ, ਰੌਸ਼ਨਦਾਨ ਬਣਵਾਉਣ ਲਈ ਅਤੇ
ਵਧੀਆ ਕਿਸਮ ਦਾ ਇਮਾਰਤੀ ਸਾਮਾਨ ਖਰੀਦਣ ਲਈ

## ਹਜ਼ੂਰ ਸਿੰਘ ਐਂਡ ਸਨਜ਼

(ਪਾਰਟਨਰ ਹਜ਼ੂਰ ਸਿੰਘ ਜਸਬੀਰ ਸਿੰਘ)
ਅਕਹਿਰੀ ਪੁਲੀ, ਜਲੰਧਰ ਸ਼ਹਿਰ
ਵਾਲਿਆਂ ਦੀ ਦੁਕਾਨ ਤੇ ਦਰਸ਼ਨ ਦਿਓ ਤੇ ਲਾਭ ਉਠਾਓ



Sri Satguru Jagjit Singh Ji eLibrary NamdhariElibrary@gmail.com

ਵਰਿਆਮ ਲਈ ਸ਼ੁਭ ਇਛਾਵਾਂ :

ਸ. ਅਜੀਤ ਸਿੰਘ ਨਾਮਧਾਰੀ

## ਨਾਮਧਾਰੀ ਬ੍ਰਦਰਜ਼

### ਡਾਲਟਨਗੰਜ (ਬਿਹਾਰ)

## Namdhari Brothers

### DALTON GANJ

(Bihar)

Prop. :

S. AJIT SINGH NAMDHARI

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

Turn Turn : 220010

Makhan Singh Saggu

## TECHNO INDUSTRIES

### ਟੈਕਨੋ ਇੰਡਸਟਰੀਜ਼

Manufacturers, Fabricators & Exporters

Industrial Chain Sprockets & Sugar Mill

Spares All Types of Graded Casting

& Machinery Parts

E.D. 311, Old Railway Road,

JALANDHAR-144001.

GOLD MEDAL WINNER

(1982-1983)

## JAYSON®

ELECTRIC MOTORS

FOR Agriculture, Domestic and Industrial Uses

EXHAUST FANS
9",12",15",18",24"
Our Range includes
ELECTRIC MOTORS
From 1/4 to 3 H.P. Single
Phase and 1/12 H.P. to
30 H.P. 3 Phase
Mono Block & Jet Pumps
1/2 H.P., 1 H.P., 2 H.P., 3 H.P.
Electric Motors can also
be made according to
Customer's Specifications




ONE YEAR GUARANTEE AGAINST ALL
MANUFACTURING DEFECTS

Manufactured by:

**Jayson Electric Co. (Regd.)**

WH-2, Phase-1, Sat Guru Ram Singh Marg.
Maya Puri Indl. Area, New Delhi-110064
Phones: 594536,532536 Resi.501634





Sri Satguru Jagjit Singh Ji eLibrary NamdhariElibrary@gmail.com

੧ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

ਨਵੇਂ ਨਵੇਂ ਵੰਨ-ਸੁਵੰਨੇ ਡਿਜ਼ਾਈਨਾਂ ਵਿਚ ਤਿਆਰ ਕੀਤੇ ਹੋਏ
ਚਮਕਦਾਰ ਅਤੇ ਪੱਕੇ ਰੰਗਾਂ ਵਾਲੇ

**ਫ਼ਰਸ਼ੀ ਦਰੀਆਂ ਅਤੇ ਗ਼ਲੀਚੇ**

ਨਿਰਮਾਤਾ :

# ਨਾਮਧਾਰੀ ਸੇਲਜ਼

੧੦੨੪੦/੫੪ ਲਾਇਬ੍ਰੇਰੀ ਰੋਡ, ਆਜ਼ਾਦ ਮਾਰਕੀਟ, ਦਿੱਲੀ—੧੧੦੦੦੬

**Furshi Durries & Carpets**

*in Bright & Fast Colours*

*Manufactuers :*

# Namdhari Sales

10240/54, Library Road, Azad Market, Delhi-11006

*Our Motto : Best Quality of the Day*

## *High Class Gun Manufacturers*

## Single & Double Barrels



# 12-Bore GUNS

## Free India Gun Manufacturers

**Prop. S. KARTAR SINGH (Jammu-Wale)**

6, Industrial Estate, Ashok Nagar,
JAMMU CANTT-3
Ph. : 433810

*Sister Concern :*

**M/S. KARTAR SINGH**
**ARMS & AMMUNITION DEALERS**




Sri Satguru Jagjit Singh Ji eLibrary NamdhariElibrary@gmail.com

Registered No. PB/JL-253 MONTHLY WARIAM APRIL 1998
Ladowali Road, Jalandahr-144 001
Registered with the Registrar of News papers for India No. 26453

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

ਟੈਂਟ ਹਾਊਸ ਵਾਲਿਆਂ ਵਾਸਤੇ ਖ਼ੁਸ਼ਖਬਰੀ

ਵਧੀਆ, ਦਿਲਕਸ਼ ਵੰਨ ਸੁਵੰਨੇ ਡੀਜ਼ਾਇਨਾਂ ਤੇ ਗਰੰਟੀ ਸ਼ੁਦਾ ਪੱਕੇ ਰੰਗਾਂ ਵਿਚ ਬਣੇ ਟੁਕੜੀਦਾਰ ਪਰਿੰਟ ਸ਼ਾਮਿਆਨੇ, ਕਨਾਤਾਂ, ਲਕੜੀ ਤੇ ਸਟੀਲ ਦੇ ਫਰਨੀਚਰ ਲਈ ਪਧਾਰੋ ਜਾਂ ਲਿਖੋ

ਨਾਮਧਾਰੀ ਏਜੰਸੀਜ਼

੨/੨੦੬੮, ਚਾਹ ਅੰਦਾਰਾ, ਜੁਬਲੀ ਸਿਨਮਾ ਦੇ ਪਿਛੇ, ਚਾਂਦਨੀ ਚੌਕ, ਦਿੱਲੀ-੧੧੦੦੦੬

Manufacturers & Suppliers of :

**TUKRIDAR PRINTED SHAMIANAS & KANATS IN ATTRACTIVE AND GUARNTEED FAST COLOURS, WOODEN & STEEL FURNITURE & PADESTAL FANS ETC.**

*Please Contact :*

Office : 2968411, 2961345 Resi : 6845441

# NAMDHARI AGENCIES

2/2068, CHAH ANDARA, (BEHIND JUBILEE CINEMA)
CHANDNI CHOWK, DELHI–110006

ਐਡੀਟਰ, ਪ੍ਰਿੰਟਰ, ਪ੍ਰਕਾਸ਼ਕ ਤੇ ਮਾਲਕ ਜਗਦੀਸ਼ ਸਿੰਘ ਨੇ ਨਾਮਧਾਰੀ ਪ੍ਰਿੰਟਰਜ਼, ਲਾਡੋਵਾਲੀ ਰੋਡ, ਜਲੰਧਰ ਤੋਂ ਛਪਵਾ ਕੇ ਦਫ਼ਤਰ ਵਰਿਆਮ ਲਾਡੋਵਾਲੀ ਰੋਡ, ਜਲੰਧਰ ਤੋਂ ਪ੍ਰਕਾਸ਼ਿਤ ਕੀਤਾ। ਫੋਨ : 222543, ਨਿਵਾਸ 56289

Sri Satguru Jagjit Singh Ji eLibrary NamdhariElibrary@gmail.com